# ਜ਼ਖ਼ਮੀ ਪਲ

ਚੁਰਾਏ ਅਤੇ ਜ਼ਖ਼ਮੀ ਪਲਾਂ ਦਾ ਚਿਤੇਰਾ : ਰਵਿੰਦਰ ਸਹਿਰਾਅ

ਵਕਤ-ਗਤੀ ਦਾ ਇਕ ਅਟੁੱਟ ਅਤੇ ਅਮੋੜ ਪਰਵਾਹ! ਸਦੀਆਂ ਅਤੇ ਦਹਾਕਿਆਂ ਤੋਂ ਪਲਾਂ ਤੱਕ ਇਸ ਦੇ ਪੈਮਾਨੇ ਜੋ ਇਤਿਹਾਸ ਅਤੇ ਵਿਅਕਤੀ ਦੇ ਜੀਵਨ ਨੂੰ ਮਾਪਣ ਦੇ ਗਜ਼ ਹਨ। ਮਨੁੱਖੀ ਜ਼ਿੰਦਗੀ ਇਸ ਪਰਵਾਹ ਦੇ ਵਿਚਕਾਰ ਹੀ ਵਿਚਰਦੀ ਹੈ। ਨਾ ਵਕਤ ਦੀ ਡੋਰ ਟੁੱਟਦੀ ਹੈ ਅਤੇ ਨਾ ਹੀ ਮਨੁੱਖੀ ਜ਼ਿੰਦਗੀ ਦੇ ਪਲ ਰੁਕਦੇ ਹਨ। ਇਹ ਨਿਰੰਤਰ ਵਹਿਣ ਹੀ ਇਨ੍ਹਾਂ ਪਲਾਂ ਦੀ ਵਿਸ਼ੇਸ਼ਤਾ ਹੈ! ਇਹ ਇਕ ਵਾਰ ਲੰਘ ਗਏ ਤਾਂ ਮੁੜ ਹੱਥ ਨਹੀਂ ਆਉਂਦੇ।

ਇਸ ਕਰ ਕੇ ਹੱਥਲਾ ਵਕਤ- ਵਰਤਮਾਨ, ਭਵਿੱਖ ਵੀ ਹੈ ਅਤੇ ਭੂਤਕਾਲ ਵੀ। ਇਹ ਤ੍ਰੈ-ਕਾਲਤਾ ਇਸ ਦੀ ਇਕ ਹੋਰ ਵਿਸ਼ੇਸ਼ਤਾ ਹੈ। ਵਿਅਕਤੀ ਜਾਂ ਮਨੁੱਖੀ ਜ਼ਿੰਦਗੀ ਹੋਏ ਅਤੇ ਅਣਹੋਏ ਦੇ ਦਵੰਦ ਦਾ ਸੰਤਾਪ ਸਦੀਆਂ ਤੋਂ ਭੋਗਦੀ ਆ ਰਹੀ ਹੈ। ਵਿਅਕਤੀ ਦੇ ਵਿਗਸਣ ਲਈ ਇਕ ਢੁੱਕਵਾਂ ਸਮਾਜਕ-ਆਰਥਕ ਮਾਹੌਲ ਚਾਹੀਦਾ ਹੈ। ਪਰ ਸ਼ੋਸ਼ਣਕਾਰੀ ਤੇ ਦਮਨਕਾਰੀ ਪ੍ਰਬੰਧ ਨੇ ਇਸ ਸਮੁੱਚੇ ਵਿਕਾਸ ਨੂੰ ਜ਼ਖ਼ਮੀ ਕਰ ਰੱਖਿਆ ਹੈ। ਮਨੁੱਖ, ਇਕ ਸਮੁੱਚੇ ਮਨੁੱਖ ਵਜੋਂ ਵਿਕਸਣਾ ਲੋਚਦਾ ਹੈ ਪਰ ਸੋਸ਼ਕ ਵਿਵਸਥਾ ਇਸ ਤਾਂਘ ਨੂੰ ਅਪਾਹਜ ਕਰ ਮਾਰਦੀ ਹੈ। ਅਜਿਹੀ ਸਥਿਤੀ ਵਿਚ ਨਾ ਮਨੁੱਖ ਦਾ ਜਿਸਮ ਤ੍ਰਿਪਤਦਾ ਹੈ ਅਤੇ ਨਾ ਮਨ ਦਾ ਸਥੂਲ ਪ੍ਰਫੁੱਲਦਾ ਹੈ, ਨਾ ਸੂਖਮ ਹੁੰਦਾ ਹੈ। ਇਸ ਸਥਿਤੀ ਵਿਚ ਜੀਵਿਆ ਵੀ ਅਣ-ਜੀਵਿਆ ਹੁੰਦਾ ਹੈ ਅਤੇ ਹੋਂਦ ਅਣਹੋਂਦ ਹੋ ਨਿਬੜਦੀ ਹੈ। ਹੰਢਾਇਆ ਅਤੇ ਗੁਜ਼ਾਰਿਆ ਵਕਤ ਅਣਮਾਣਿਆ ਵਕਤ ਬਣ ਕੇ ਰਹਿ ਜਾਂਦਾ ਹੈ। ਇਸ ਦਵੰਦ ਦੀ ਅਮਿੱਟ ਛਾਪ ਵਿਅਕਤੀ ਆਪਣੀ ਜ਼ਿੰਦਗੀ ਉਪਰ ਲਗਾਈ ਫਿਰਦਾ ਹੈ। ਇਹ ਅਣਮਾਣਿਆ, ਇਹ ਅਣਹੋਂਦ ਤੇ ਇਹ ਅਣਜੀਵਿਆ ਹੀ ਗੁਆਚਣਾ ਹੈ, ਕੁੱਲ 'ਚੋਂ ਤੇ ਸਮੁੱਚਤਾ 'ਚੋਂ ਮਨਫ਼ੀ ਹੋਣਾ ਹੈ। ਜਿਹੜਾ ਕੋਈ ਪਲਾਂ ਦੀ ਇਸ ਖੋਟੀ ਤਕਦੀਰ ਤੋਂ ਚੇਤੰਨ ਹੋ ਜਾਂਦਾ ਹੈ, ਉਹ ਹੀ ਇਸ ਦਾ ਹਿਸਾਬ ਕਰਨ/ਕਰਾਉਣ ਲਈ ਤੱਤਪਰ ਹੋ ਜਾਂਦਾ ਹੈ ਅਤੇ ਸਿੱਟਾ ਹੁੰਦਾ ਹੈ : ਚੁਰਾਏ ਪਲਾਂ ਦਾ ਹਿਸਾਬ। ਪਰ ਪਲਾਂ ਦਾ ਹਿਸਾਬ ਇਥੇ ਹੀ ਨਹੀਂ ਨਿੱਬੜ ਜਾਂਦਾ। ਬਕਾਇਆ ਪਲਾਂ 'ਚੋਂ ਵੀ ਅਨੇਕਾਂ ਪਲ ਜ਼ਖ਼ਮੀ ਹੋ ਜਾਂਦੇ ਹਨ ਜਿਨ੍ਹਾਂ ਦੀ ਚੋਭ ਇਕ ਸਦੀਵੀ ਕਸਕ ਬਣ ਕੇ, ਭਵਿੱਖ ਤੱਕ ਦਰਦ-ਲਹਿਰ ਬਣ ਕੇ ਫੈਲਦੀ ਸੁੰਗੜਦੀ ਰਹਿੰਦੀ ਹੈ ਅਤੇ ਚੇਤੰਨ ਵਿਅਕਤੀ ਇਨ੍ਹਾਂ ਜ਼ਖ਼ਮੀ ਪਲਾਂ ਨੂੰ ਸੰਬੋਧਿਤ ਹੋਏ ਬਿਨਾਂ ਰਹਿ ਨਹੀਂ ਸਕਦਾ।

ਚਰਾਏ ਅਤੇ ਜ਼ਖ਼ਮੀ ਪਲਾਂ ਦੀ ਚੀਸ ਆਮ ਆਦਮੀ ਵੀ ਮਹਿਸੂਸਦਾ ਹੈ।

ਉਹ ਆਪਣੀ ਪੀੜ ਦਾ ਨਿਕਾਸ ਹਉਕਿਆਂ, ਝੋਰਿਆਂ, ਪਛੋਤਾਵਿਆਂ, ਨਿਰਾਸ਼ਾ ਆਦਿ ਰਾਹੀਂ ਕਰ ਬੈਠਦਾ ਹੈ। ਪਰ ਸੰਵੇਦਨਸ਼ੀਲ ਕਲਾਕਾਰ ਇਸ ਪੀੜ ਨੂੰ ਕੋਈ ਕਲਾਤਮਕ ਰੂਪ ਦੇ ਕੇ. ਉਸ ਕਿਰਤ ਨੂੰ ਸਰਬ-ਸਾਂਝੀ, ਸਮੂਹਕ ਅਤੇ ਸਮਾਜਿਕ ਬਣਾ ਧਰਦਾ ਹੈ। ਇਸ ਕਰ ਕੇ ਹੀ, 'ਚਰਾਏ ਪਲਾਂ ਦਾ ਹਿਸਾਬ ਕਰ ਕੇ ਹੁਣ ਰਵਿੰਦਰ ਸਹਿਰਾਅ 'ਜ਼ਖ਼ਮੀ ਪਲਾਂ ਦੀ ਦਾਸਤਾਨ' ਕਹਿ ਰਿਹਾ ਹੈ।

ਇਸ ਹੱਥਲੇ ਕਾਵਿ-ਸੰਗ੍ਰਹਿ ਵਿਚ, ਜ਼ਖ਼ਮੀ ਪਲਾਂ ਤੋਂ ਗ਼ਜ਼ਲਾਂ ਦੀ ਮਹਿਫ਼ਲ ਤੱਕ ਇਕ ਸਫ਼ਰ ਫੈਲਿਆ ਹੋਇਆ ਹੈ, ਜਿਹੜਾ ਉਸ ਦੇ ਪ੍ਰਗਤੀਸ਼ੀਲ ਅਤੇ ਯਥਾਰਥਵਾਦੀ ਚਿੰਤਨ ਨੂੰ ਰੂਪਮਾਨ ਕਰਦਾ ਹੈ। ਉਸ ਦੀ ਕਵਿਤਾ ਹੀ ਇਸ ਹਕੀਕਤ ਦੀ ਗਵਾਹੀ ਹੈ। ਇਸ ਸਮੁੱਚੇ ਸਫ਼ਰ ਵਿਚ ਉਸ ਦਾ ਦ੍ਰਿਸ਼ਟੀਕੋਣ ਖ਼ੁਦ ਪਸਰਿਆ-ਸਮੋਇਆ ਪਿਆ ਹੈ।

ਸਾਡੇ ਸਭ ਦੇ ਜ਼ਖ਼ਮੀ ਪਲਾਂ ਦੇ ਸਰੋਤ ਸਾਡੀ ਨਿੱਜਤਾ ਤੋਂ ਲੈ ਕੇ ਸਾਡੇ ਸਮਾਜਿਕ, ਸਿਆਸੀ ਚੌਗਿਰਦੇ ਵਿਚ ਦੜੇ ਬੈਠੇ ਹੁੰਦੇ ਹਨ। ਇਸ ਸਮੁੱਚਤਾ ਨੂੰ ਬਿਆਨ ਕੇ ਹੀ ਅਸੀਂ ਹਕੀਕਤ-ਪਸੰਦ, ਦਲੇਰ ਤੇ ਇਮਾਨਦਾਰ ਬਣ ਸਕਦੇ ਹਾਂ। ਨਿੱਜੀ-ਸਰੋਤਾਂ 'ਤੇ ਪਰਦਾਪੋਸ਼ੀ ਹਕੀਕਤ ਕੋਲੋਂ ਭੱਜਣਾ ਹੁੰਦਾ ਹੈ। ਕਵੀ ਨੇ ਆਪਣੇ ਜ਼ਖ਼ਮੀ ਪਲਾਂ ਦੇ ਬਹੁ-ਪਰਤੀ ਸਰੋਤਾਂ ਦੀ ਨਿਸ਼ਾਨਦੇਹੀ ਕਰ ਕੇ ਬਹੁ-ਪਰਤੀ ਹੋਣ ਦਾ ਪ੍ਰਮਾਣ ਦਿੱਤਾ ਹੈ। ਦਮਨ ਦਲਿੱਦਰ ਨੂੰ ਬਰਦਾਸ਼ਤ ਕਰ ਜਾਣ ਦੀ ਕਮਜ਼ੋਰੀ, ਚਾਵਾਂ ਦਾ ਘਾਣ, ਹਮਰਾਹੀਆਂ ਤੇ ਰਿਸ਼ਤੇਦਾਰਾਂ ਤੋਂ ਲੱਗੇ ਫੱਟ, ਨਸਲੀ, ਮਜ਼ਹਬੀ ਤੇ ਭਾਸ਼ਾਈ ਝਗੜੇ ਆਦਿ ਇਹਨਾਂ ਜ਼ਖ਼ਮੀ ਪਲਾਂ ਦਾ ਸਰੋਤ ਹਨ। ਇਹ ਹੀ ਇਕਾਈ ਅਤੇ ਸਮੂਹਕਤਾ ਦਾ ਦਵੰਦਵਾਦੀ ਸੁਮੇਲ ਹੈ।

ਇਨ੍ਹਾਂ ਜ਼ਖ਼ਮੀ ਪਲਾਂ ਦੇ ਸਰੋਤਾਂ ਦੀ ਜ਼ਮੀਨ ਇਹ ਮੌਜੂਦ ਸ਼ੋਸ਼ਣਕਾਰੀ, ਦਮਨਕਾਰੀ ਰਾਜ-ਪ੍ਰਬੰਧ ਹੈ, ਜਿਹੜਾ ਇਕ ਜੰਗਲ ਦਾ ਸਮਰੂਪ ਹੈ ਅਤੇ ਜਿਥੇ ਜੰਗਲ ਦਾ ਕਾਨੂੰਨ ਲਾਗੂ ਹੈ । ਕਵੀ ਨੇ ਜੰਗਲ ਦੇ ਮਾਲਕਾਂ ਦੀ ਚਿੰਤਾ, ਚਾਲ ਤੇ ਸਾਜ਼ਿਸ਼ ਨੂੰ ਖ਼ੂਬ ਭਾਂਪਿਆ ਹੈ। ਜੰਗਲ ਦੇ ਮਾਲਕ ਪਣਪ ਰਹੀ ਤੇ ਲੁਪਤ ਵਿਦਰੋਹੀ ਸਥਿਤੀ ਨੂੰ ਪਹਿਲਾਂ ਹੀ ਹਾੜ ਗਏ ਹਨ ਜਿਸ ਕਰ ਕੇ ਉਨ੍ਹਾਂ ਜਬਰ-ਜ਼ੁਲਮ ਦੇ ਰੱਸੇ ਹੋਰ ਢਿੱਲੇ ਕਰ ਦਿੱਤੇ ਹਨ। ਇਸ ਸਥਿਤੀ ਦਾ ਜ਼ੋਰਦਾਰ ਤੇ ਪ੍ਰਭਾਵਸ਼ਾਲੀ ਚਿੱਤਰਣ ਪੇਸ਼ ਕੀਤਾ ਹੈ ਸਹਿਰਾਅ ਨੇ-

ਜੰਗਲ ਦੇ ਖ਼ੁਫ਼ੀਆ ਵਿਭਾਗ ਨੇ ਇਤਲਾਹ ਦਿੱਤੀ ਹੈ ਕਿ ਇਸ ਵਰ੍ਹੇ ਬਹਾਰ ਦੀ ਰੁੱਤੇ ਦਰੱਖ਼ਤਾਂ ਨੂੰ ਕਰੂੰਬਲਾਂ ਦੀ ਬਜਾਇ, ਵਿਦਰੋਹੀ ਸਿਰ ਲੱਗ ਰਹੇ ਨੇ।

ਵਿਵਸਥਾ ਨੇ ਲਪਕਦੇ ਲਾਵੇ ਨੂੰ ਕਾਬੂ ਕਰਨ ਲਈ ਰਾਜ-ਮਸ਼ੀਨਰੀ ਦੇ ਦੰਦ ਹੀ ਨਹੀਂ ਤਿੱਖੇ ਕੀਤੇ, ਸਗੋਂ ਉਸ ਨੇ ਲਕੀਰਾਂ ਦੀ ਵੀ ਬੇਦਰੇਗ ਵਰਤੋਂ ਆਰੰਭ ਦਿੱਤੀ ਹੈ। ਉਨ੍ਹਾਂ ਨੇ ਸੁਭਾਵਿਕ ਤੇ ਗ਼ੈਰ-ਸੁਭਾਵਿਕ, ਕੁਦਰਤੀ ਅਤੇ ਬਣੋਟੀ, ਹਰੇਕ ਕਿਸਮ ਦੀਆਂ ਲਕੀਰਾਂ ਨੂੰ ਹੋਰ ਉਘਾੜਨਾ, ਉਭਾਰਨਾ ਆਰੰਭਦਿੱਤਾ ਹੈ ਅਤੇ ਫਲ-ਸਰੂਪ ਲੋਕਾਈ ਨੂੰ ਬੋਲੀ, ਧਰਮ, ਸਰਹੱਦ ਆਦਿ ਦੀਆਂ ਲਕੀਰਾਂ ਵਿਚ ਉਲਝਾ ਦਿੱਤਾ ਹੈ, ਉਨ੍ਹਾਂ ਵਿਚ ਫੁੱਟ ਪਾਈ ਹੈ ਅਤੇ ਆਪਣੀ ਲੰਬੀ ਉਮਰ ਨੂੰ ਯਕੀਨੀ ਬਣਾਉਣ ਦਾ ਯਤਨ ਕੀਤਾ ਹੈ। ਇਸ ਸਮਕਾਲੀ, ਸਿਆਸੀ, ਵਿਚਾਰਧਾਰਕ ਤੇ ਸਭਿਆਚਾਰਕ ਸੋਚ ਨੂੰ ਪੇਸ਼ ਕਰਨਾ ਕਵੀ ਦੀ ਬੌਧਿਕ ਪਰਪੱਕਤਾ ਦੀ ਨਿਸ਼ਾਨੀ ਹੈ।

ਇਨ੍ਹਾਂ ਲਕੀਰਾਂ ਦੇ ਹੱਥ-ਪੈਰ ਵੀ ਹਨ। ਇਸ ਕਰ ਕੇ ਉਹ ਘਟਨਾਵਾਂ-ਦਰ-ਘਟਨਾਵਾਂ ਰਚ ਰਹੀਆਂ ਹਨ। ਇਹ ਘਟਨਾਵਾਂ ਫਿਰਕੂ ਹਿੰਸਾ, ਰਾਜਕੀ ਹਿੰਸਾ ਅਤੇ ਦੋਵੰਨੀ ਦਹਿਸ਼ਤ ਸਾਡੇ ਸਮਕਾਲੀ ਯਥਾਰਥਕ-ਅਨੁਭਵ ਦਾ ਅਨਿੱਖੜਵਾਂ ਅੰਗ ਬਣ ਚੁੱਕੀਆਂ ਹਨ :

ਦਿਉ ਕੱਢ ਚਿਹਰੇ, ਹੱਥੀਂ ਰਫ਼ਲਾਂ ਜਿਉਂ ਕੋਈ ਸਾਨ੍ਹ ਉਜਾੜੇ ਫ਼ਸਲਾਂ।

ਦੂਜਾ ਪਾਸਾ ਵੀ ਦੇਖੋ :

ਕਤਲੋ ਗਾਰਤ ਧਰਮ ਬਣਾਇਆ ਪਾ ਕੇ ਦਹਿਸ਼ਤ ਰਾਜ ਬਚਾਇਆ।

ਸਰਕਾਰੀ ਜ਼ਬਰ ਅਤੇ ਫਿਰਕੂ ਦਹਿਸ਼ਤ ਦਾ ਪ੍ਰਭਾਵਸ਼ਾਲੀ ਚਿੱਤਰ ਹਨ ਇਹ ਘਟਨਾਵਾਂ-ਦਰ-ਘਟਨਾਵਾਂ।

ਦੇ ਇਨ੍ਹਾਂ ਫਿਰਕੂ, ਦਹਿਸ਼ਤੀ, ਬੇ-ਦਲੀਲੀਆਂ ਤੇ ਦਮਨਕਾਰੀ ਘਟਨਾਵਾਂ ਆਸਾਰ ਲਾਜ਼ਮੀ ਹੀ ਤਬਾਹਕਾਰੀ ਹੁੰਦੇ ਹਨ। ਇਹ ਨਵੀਂ ਨਸਲ ਨੂੰ ਪਾਲਦੀਆਂ ਨਹੀਂ, ਸਗੋਂ ਪੱਕੀਆਂ ਤੇ ਹਰਿਆਲੀਆਂ ਫ਼ਸਲਾਂ ਨੂੰ ਉਜਾੜਦੀਆਂ ਹਨ। ਉਜੜੇ ਖੇਡ ਇਨਾਂ ਦਾ ਤਰਕਸ਼ੀਲ ਸਿੱਟਾ ਹਨ। ਕਵੀ ਨੂੰ ਉਜੜੇ ਖੇਤਾਂ ਦੀ ਤਕਦੀਰ ਤੇ ਰੁਦਨ ਕਰਨਾ ਹੀ ਪਸੰਦ ਨਹੀਂ, ਸਗੋਂ ਉਸ ਨੇ ਲੋਕ-ਪੱਖੀ ਘੋਲ ਦੇ ਸ਼ਹੀਦਾਂ ਦਾ ਵਾਰਿਸ ਬਣਨ ਦਾ ਪ੍ਰਣ ਵੀ ਦੁਹਰਾਇਆ ਹੈ ਤਾਂ ਜੁ ਖੇਤਾਂ ਵਿਚ ਫੇਰ ਹਰਿਆਲੀਆਂ ਦਾ ਵਾਸ ਸਥਾਈ ਹੋ ਸਕੇ।

ਜਿਥੇ ਫਿਰਕੂ ਦਹਿਸ਼ਤ ਜ਼ਰਖੇਜ਼ ਖੇਤਾਂ ਨੂੰ ਉਜਾੜਦੀ ਹੈ ਉਥੇ ਉਹ ਫਲਦਾਰ ਦਰੱਖ਼ਤਾਂ ਉਪਰ ਵਾਰ ਕਰਨੋਂ ਵੀ ਗੁਰੇਜ਼ ਨਹੀਂ ਕਰਦੀ। ਇਸ ਅੰਨ੍ਹੀ ਅੱਗ ਨੇ ਪਾਸ਼ ਤੇ ਪੱਡੇ ਵਰਗੇ ਕਈ ਪਿਆਰੇ ਦੋਸਤ ਤੇ ਮਨੁੱਖ ਨਿਗਲ ਲਏ ਹਨ। ਇਨ੍ਹਾਂ ਸ਼ਹੀਦੀਆਂ/ਵਿਛੋੜਿਆਂ ਦੇ ਬਾਅਦ ਦੋਸਤੀ ਨੂੰ ਸੱਲ ਵੱਜਦੇ ਹਨ। ਕਈ ਦੁਸ਼ਮਣਾਂ ਦਾ ਦੋਸਤ ਬਣਨ ਦਾ ਸਾਂਗ ਮਨ ਨੂੰ ਪੀੜੋ ਪੀੜ ਕਰਦਾ ਹੈ ਅਤੇ ਕੋਲ ਬਚਦੀ ਹੈ ਇਕ ਜ਼ਖਮੀ ਦਾਸਤਾਨ।

ਇਹ ਕੰਨਾਂ, ਇਹ ਲਕੀਰਾਂ, ਇਹ ਦਮਨ ਅਤੇ ਇਹ ਜ਼ਖ਼ਮੀ ਦਾਸਤਾਨ ਕਿਸੇ ਇਕ ਖਿੱਤੇ ਤੱਕ ਹੀ ਸੀਮਤ ਨਹੀਂ, ਸਗੋਂ ਸੰਸਾਰ-ਭਰ ਵਿਚ ਫੈਲੇ ਜੰਗਲ ਦੇ ਮਾਲਕਾਂ ਨੇ ਇਹ ਦਾਸਤਾਨ, ਕਈ ਇਲਾਕਿਆਂ ਵਿਚ ਵਾਰ-ਵਾਰ ਪੈਦਾ ਕੀਤੀ ਹੈ। ਖਾੜੀ ਜੰਗ ਇਕ ਅਜਿਹੀ ਹੀ ਖ਼ੂਨੀ ਦਾਸਤਾਨ ਹੈ ਜਿਸ ਦੀ ਪ੍ਰਮੁੱਖ ਰਚੇਤਾ ਅਮਰੀਕੀ ਮਹਾਂ ਸ਼ਕਤੀ ਨੇ ਬੱਚੀਆਂ, ਪਤਨੀਆਂ ਤੇ ਮਾਵਾਂ ਨੂੰ ਨਾਸੂਰ ਵਰਗੇ ਜ਼ਖ਼ਮਾਂ ਦੇ ਤੋਹਫ਼ੇ ਦਿੱਤੇ ਹਨ। ਇਸ ਦਾ ਸੰਖੇਪ ਪਰ ਭਾਵਪੂਰਤ ਬਿਆਨ ਵੀ ਕਵੀ ਸਹਿਰਾ ਦੇ ਸਮੁੱਚੇ ਚਿੰਤਨ-ਬੋਧ ਦਾ ਅੰਗ ਬਣਿਆ ਹੈ।

ਇਕ ਸਥਿਤੀ ਹੈ ਜਿਸ ਵਿਚ ਲੋਟੂ ਹਾਕਮ ਸਾਜ਼ਿਸ਼ਾਂ ਕਰ ਕੇ, ਲਕੀਰਾਂ ਉਘਾੜਦੇ, ਵੰਡੀਆਂ ਪਾਉਂਦੇ ਅਤੇ ਆਪਣੀ ਪ੍ਰਸੰਗਕਤਾ ਦੇ ਰਾਗ ਅਲਾਪਦੇ ਹਨ। ਇਹ ਨਾਕਾਰਾਤਮਕ ਵਹਿਣ ਚੇਤੰਨ ਵਿਅਕਤੀ ਅਤੇ ਖ਼ਾਸ ਕਰ ਕੇ ਇਕ ਪ੍ਰਤੀਨਿੱਧ ਕਵੀ ਲਈ ਅਕੇਵੇਂ, ਘਿਰਣਾ ਅਤੇ ਰੋਸ ਦਾ ਕਾਰਣ ਬਣਦਾ ਹੈ। ਉਹ ਹੁਬਸਲੀ ਮਾਰ ਕੇ ਇਸ ਨਾਂਹਦਰੂ

ਚੌਗਿਰਦੇ ਵਿਚੋਂ ਨਿਕਲ ਜਾਣਾ ਚਾਹੁੰਦਾ ਹੈ ਅਤੇ ਦੂਸਰੇ ਲੋਕਾਂ ਨੂੰ ਇਸ ਵਿਚੋਂ ਕੱਢ ਲੈਣਾ ਲੋਚਦਾ ਹੈ। ਇਸ ਕਰ ਕੇ ਹੀ ਉਹ ਕਹਿੰਦਾ ਹੈ ਕਿ 'ਚਲੋ ਕੋਈ ਗੱਲ ਕਰੀਏ।'

ਕਵੀ ਦੀ ਤੀਖਣ ਸੋਚ ਇਹ ਸਮਝਦੀ ਹੈ ਕਿ ਮੌਜੂਦਾ ਹਾਕਮ ਕੋਹਲੂ ਦੇ ਬੈਲ ਦੀ ਗਤੀ ਨੂੰ ਗਤੀ ਫਰਮਾ ਰਹੇ ਹਨ, ਉਹ ਇਕੋ ਰੁਟ ਤੇ ਚਲਦੀ ਲੋਕਲ ਬੱਸ ਦੇ ਗੇੜ ਨੂੰ ਗਤੀ ਦਾ ਨਾਮ ਦਿੰਦੇ ਹਨ। ਉਹ ਦੋਹਾਂ ਮਹਾਂ-ਸ਼ਕਤੀਆਂ ਦੇ ਸ਼ਾਂਤਮਈ ਪ੍ਰਚਾਰ-ਮਾਧਿਅਮਾਂ ਦੀ ਚਕਾਚੌਂਧ ਅਤੇ ਨਾਟਕਬਾਜ਼ੀ ਤੋਂ ਵੀ ਸੁਚੇਤ ਹੈ। ਉਹ ਲੁਟੇਰੇ ਪਰਪੰਚਾਂ ਤੋਂ ਸੁਚੇਤ ਹੈ, ਉਹ ਸਰਕਾਰੀ ਤੇ ਗੈਰ-ਸਰਕਾਰੀ, ਸਾਮਰਾਜੀ ਆਧੁਨਿਕ ਹਾਕਮਾਂ ਤੋਂ ਵਰੋਸਾਏ ਪੱਤਰਕਾਰਾਂ ਅਤੇ ਲੇਖਕਾਂ ਦੇ ਲਾਲਚ ਅਤੇ ਬੇਜ਼ਮੀਰੀ-ਹੋਂਦ ਤੋਂ ਵੀ ਸੁਚੇਤ ਹੈ। ਇਸ ਕਰ ਕੇ, ਅਕਾਊ ਰੀਪੋਟਾਂ ਤੇ ਰਚਨਾਵਾਂ ਉਸ ਨੂੰ ਸੰਤੁਸ਼ਟ ਨਹੀਂ ਕਰ ਸਕਦੀਆਂ ਕਿਉਂਕਿ ਇਹ ਨਵੀਨਤਾ ਦਾ ਮੁਖੌਟਾ ਹਨ, ਭਰਮ ਹਨ ਅਤੇ ਮਿੱਥ ਹਨ। ਇਸ ਕਰ ਕੇ ਸਾਡਾ ਕਵੀ ਕਿਸੇ ਅਜਿਹੀ ਨਵੀਂ, ਨਸ਼ੀਲੀ ਤੇ ਨਰੋਈ ਗੱਲ ਲਈ ਤਾਂਘਦਾ ਹੈ। ਜਿਹੜੀ ਪਹਿਲੇ ਤੋੜ ਦੀ ਸ਼ਰਾਬ ਵਾਂਗ ਹੋਵੇ ਅਤੇ ਜਿਹੜੀ—

ਆੜ 'ਚ ਵਗਦੇ ਪਾਣੀ ਦੀ

ਰਵਾਨਗੀ ਜਿਹੀ, ਅਸਮਾਨੀ ਬਿਜਲੀ ਦੀ ਰਫ਼ਤਾਰ ਜਿਹੀ, ਮਹਿਬੂਬ ਨੂੰ ਦਿੱਤੇ ਪਹਿਲੇ ਚੁੰਮਣ ਜਿਹੀ ਜਾਂ ਘਰ ਦੀ ਕੱਢੀ

ਪਹਿਲੇ ਤੋੜ ਦੀ ਦਾਰੂ ਜਿਹੀ ਹੋਵੇ।

ਅਜਿਹੀ ਗੱਲ ਕਰਨ ਲਈ ਉਸ ਇਕਾਈ ਨੂੰ ਸਮਝਣ-ਘੋਖਣ ਅਤੇ ਜਗਾਉਣ ਦੀ ਜ਼ਰੂਰਤ ਹੈ ਜਿਸ ਦੇ ਪਲ ਚੋਰੀ ਅਤੇ ਜ਼ਖ਼ਮੀ ਹਨ। ਉਹ ਇਕਾਈ ਹੈ ਆਮ ਮਿਹਨਤੀ ਮਨੁੱਖ ਜਿਸ ਨੂੰ ਕਿਸੇ ਮਹਾਂ ਨਗਰ ਦੀ ਤੇਜ਼-ਰਫ਼ਤਾਰ, ਟੁੱਟਦੀ-ਭੱਜਦੀ ਜ਼ਿੰਦਗੀ ਨੇ ਨਹੀਂ ਬਿਖੇਰਿਆ, ਸਗੋਂ ਜਿਸ ਨੂੰ ਗਰਾਮੀਣ ਸਮਾਜ ਦੀ ਕਰੂਰਤਾ ਤੇ ਦਮਨ ਨੇ ਬਿਖੇਰ ਦਿੱਤਾ ਹੈ। ਇਸ ਕਰੂਰ ਸਥਿਤੀ ਵਿਚ ਉਸ ਨੂੰ ਆਰਥਕ ਅਸੁਰੱਖਿਆ, ਹੱਕਾਂ ਦੇ ਦਮਨ, ਭ੍ਰਿਸ਼ਟਾਚਾਰ, ਮਾਨਵ ਦੀ ਅਪਤੀ ਅਤੇ ਸਾਲ ਭਰ ਦੇ ਸੁਫਨਿਆਂ ਦੇ ਖਿੰਡਾਅ ਨੇ ਉਸ ਨੂੰ ਬਿਖੇਰ ਦਿੱਤਾ ਹੈ। ਉਸ ਨੂੰ ਲੱਗਦਾ ਹੈ ਕਿ ਉਹ ਹੱਕਾਂ ਦਾ ਭਾਗੀ ਨਹੀਂ, ਸਗੋਂ ਮੰਗਤਾ ਜਾਂ ਹੱਕਹੀਣ ਇਕਾਈ ਹੈ। ਇਸ ਕਰਕੇ ਹੀ—

ਉਸ ਨੂੰ ਤਾਂ ਅੱਜ ਪਹਿਲੀ ਵੇਰ ਦਰ ਦਰ ਤੋਂ ਰੋਟੀ ਮੰਗਦਾ ਜੁਗਿੰਦਰ ਭੰਗੀ, ਆਪਣਾ ਭਰਾ ਲੱਗਿਆ ਹੈ।
ਇਸ ਯਥਾਰਥ ਦਾ ਇਕ ਹੋਰ ਟੁੰਬਵਾਂ ਤੇ ਗੂਹੜਾ ਚਿੱਤਰ ਦੇਖੋ :

ਹੁਣ ਤਾਂ ਉਹ ਤੇਜੂ ਹਲਵਾਈ ਦੀ ਹੱਟੀ ਤੋਂ ਜਲੇਬੀਆਂ ਦੀ ਮਹਿਕ ਲੈ ਕੇ ਹੀ

ਮੁੜ-ਘਿੜ ਕੇ ਪਰਤ ਆਵੇਗਾ।

ਮੈਲੀ ਜਿਹੀ ਝੁੱਗੀ ਦੇ ਬੋਝੇ ਵਿਚ

ਮੁਸ਼ਕ ਮਾਰਦੇ ਨੋਟ ਨੂੰ

ਹੱਥਾਂ ਦੇ ਪੋਟਿਆਂ ਨਾਲ ਮਸਲਦਾ ਹੋਇਆ।

ਇਹ ਅਣਨੁੱਖੀ ਸਥਿਤੀ ਉਸ ਉਪਰ ਤਰ੍ਹਾਂ ਤਰ੍ਹਾਂ ਦੀ ਮਾਨਸਕ ਗੁਲਾਮੀ ਤੇ ਅੰਧ-ਵਿਸ਼ਵਾਸ ਠੋਸਦੀ ਹੈ। ਹਰ ਘੜੀ ਉਸ ਦਾ ਕੁਝ ਖੁਰਦਾ, ਭੁਰਦਾ, ਵਿਗੁੱਚਦਾ ਅਤੇ ਵਿਜੋਗਦਾ ਹੈ। ਜਿਸ ਕਰ ਕੇ ਅਸੁਰੱਖਿਆ, ਸਹਿਮ ਅਤੇ ਸੰਸਾ ਹੋਰ ਵੀ ਵੱਧ ਤੁਰਦਾ ਹੈ। ਉਸ ਨੂੰ ਸਾਧਾਰਨ ਭੂਗੋਲਿਕ ਵਰਤਾਰੇ ਤੇ ਟੁੱਟਦੇ ਤਾਰੇ ਵੀ ਕਿਸੇ ਘਾਟੇ ਅਤੇ ਬਦਸ਼ਗਨੀ ਦੇ ਸੰਕੇਤ ਜਾਪਦੇ ਹਨ। ਉਹ ਗੁਆ ਕੇ ਤਾਂ ਲੁੱਛਦਾ, ਰਿੱਝਦਾ ਤੇ ਸੁੰਗੜਦਾ ਹੀ ਹੈ, ਪਰ ਅਣਗੁਆਚੇ ਹੀ ਗੁਆਚੇ ਜਾਣ ਦੇ ਸਹਿਮ ਨਾਲ ਵੀ ਪੀੜਤ ਹੈ। ਇਹ ਅਮਲ ਉਸ ਦੀ ਹੋਂਦ ਨੂੰ ਹੋਰ ਵੀ ਦਰਦਨਾਕ ਬਣਾ ਦਿੰਦਾ ਹੈ।

ਇਹ ਕਰੂਰ ਸਥਿਤੀ ਕਵੀ ਦੇ ਸਮੁੱਚੇ ਅਨੁਭਵ ਅਤੇ ਚਿੰਤਨ ਉਪਰ ਛਾਈ ਰਹਿੰਦੀ ਹੈ। ਸਥਿਤੀ ਦੀ ਅਬਲਤਾ ਦਾ ਬੋਧ ਤੱਤ ਰੂਪ ਵਿਚ ਇਸ ਦੀ ਤਬਦੀਲੀ ਦੀ ਲੋੜ ਦੇ ਬੋਧ ਦਾ ਹੀ ਇਕ ਰੂਪ ਹੈ। ਸੱਜਣੀ ਦੇ ਜਨਮ-ਦਿਨ ਵਰਗੇ ਜਜ਼ਬਾਤੀ ਮੌਕਿਆਂ ਉਪਰ ਤੋਹਫ਼ਾ ਦੇਣ ਜਾਂ ਨਾ ਦੇਣ ਦਾ ਦਵੰਦ ਉਸ ਦਾ ਪਿੱਛਾ ਕਰਦਾ ਹੈ ਕਿਉਂਕਿ ਉਹ ਅਹਿਸਾਸਦਾ ਹੈ ਕਿ-

ਪਰ ਹਾਲੇ ਤਾਂ ਤੇਰੇ ਜਨਮ ਦਿਨ ਜਿਹੀਆਂ ਅਨਗਿਣਤ ਤਾਰੀਖਾਂ ਥਾਣਿਆਂ ਅਤੇ ਹਸਪਤਾਲਾਂ ਦੇ ਪੈਦਾਇਸ਼ੀ ਰਿਕਾਰਡ ਵਿਚ ਹਨ ਜਕੜੀਆਂ ਹੋਈਆਂ।

ਅੱਗੇ ਹੋਰ ਪੜ੍ਹੋ :

ਰੁੱਤਾਂ ਦਾ ਗੇੜ ਤਾਂ ਇੰਜ ਹੀ ਚੱਲਣਾ ਸੀ ਤੇ ਹਰ ਰੁੱਤ ਨੇ ਹੱਥਾਂ ਵਿਚ ਹੱਥਕੜੀ ਲੈ ਕੇ ਅਸਾਡਿਆਂ ਗੁੱਟਾਂ ਵੱਲ ਸੀ ਵਧਦਿਆਂ ਰਹਿਣਾ।

ਪਰਾਏ ਜਾਂ ਸਮਾਜਕ ਦਮਨ ਦੀ ਇਹ ਪੀੜ ਉਸ ਦੇ ਨਿੱਜ ਨਾਲ ਆਤਮਸਾਤ ਹੋ ਗਈ ਹੈ। ਇਸ ਦਵੰਦੀ ਪੀੜ ਤੋਂ ਕੁਝ ਰਾਹਤ ਉਸ ਦੀ ਸੱਜਣੀ ਲੈ ਕੇ ਆਉਂਦੀ ਹੈ ਜਿਸ ਨਾਲ ਅੰਸ਼ਕ ਹੀ ਸਹੀ ਪਰ ਸੰਤੁਸ਼ਟੀ ਦਾ ਅਹਿਸਾਸ ਹੁੰਦਾ ਹੈ :

ਪਰ ਤੇਰਾ ਇੰਨਾ ਹੀ ਕਹਿਣਾ ਮਨ ਦੀ ਤਸੱਲੀ ਲਈ ਬਹੁਤ ਕਾਫ਼ੀ ਹੈ

ਬੱਸ! ਇਕ ਨਜ਼ਮ ਮੇਰੇ ਨਾਮ ਕਰਨਾ।

ਇਸ ਸ਼ੋਸ਼ਨਕਾਰੀ ਪ੍ਰਬੰਧ ਦੇ ਵਿਰੁੱਧ ਛਿੜਦਾ ਘੋਲ ਕਈ ਪੱਧਰਾਂ ਤੇ ਲੜਿਆ ਜਾਂਦਾ ਹੈ। ਕਲਾਕਾਰ ਸਥਾਪਨਾ ਵਿਰੁੱਧ ਵੀ ਜੂਝਦਾ ਹੈ ਅਤੇ ਸਥਾਪਨਾ-ਪੱਖੀ ਕਲਾਕਾਰਾਂ ਦੇ ਵਿਰੁੱਧ ਵੀ । ਦੋਹਾਂ ਕਿਸਮਾਂ ਦੇ ਕਲਾਕਾਰਾਂ ਵਿਚਕਾਰ ਦੋ ਪਹੁੰਚਾਂ, ਦੋ ਕੋਣਾਂ ਦਾ ਇਕ ਫਾਸਲਾ ਹੈ, ਇਕ ਵਕਫ਼ਾ ਹੈ। ਜੇ ਇਕ ਨੂੰ ਪੁਰੇ ਦੀ ਹਵਾ ਨਾਲ ਮਹਿਬੂਬ ਦੀ ਯਾਦ ਆਉਂਦੀ ਹੈ ਤਾਂ ਦੂਸਰੇ ਨੂੰ ਤਫ਼ਤੀਸ਼ੀ ਕੇਂਦਰ ਦੇ ਨਾਲ ਪੁਲਸੀਏ ਦੀ। ਜੇ ਇਕ ਮਹਿਬੂਬ ਦੇ ਵਾਲਾਂ ਲਈ ਤਾਰੇ ਤੋੜਨਾ ਚਾਹੁੰਦਾ ਹੈ ਤਾਂ ਦੂਸਰਾ ਤਾਰਿਆਂ ਦੀ ਛਾਵੇਂ ਗੁਜ਼ਰਨਾ ਲੋਚਦਾ ਹੈ, ਉਹ ਕਾਲੀਆਂ ਰਾਤਾਂ ਦੀ ਹਿੱਕ ਤੇ ਆਪਣੀ ਕ੍ਰਾਂਤੀਕਾਰਤਾ ਅਤੇ ਕਰਮਸ਼ੀਲਤਾ ਦਾ ਝੰਡਾ ਗੱਡਣਾ ਲੋਚਦਾ ਹੈ। ਇਸ ਤੋਂ ਬਿਨਾਂ ਇਹ ਵਕਫ਼ਾ ਪ੍ਰਾਪਤੀਆਂ ਤੇ ਅਪ੍ਰਾਪਤੀਆਂ, ਡਿੱਗਣ ਅਤੇ ਉੱਠਣ ਵਿਚਕਾਰਲਾ ਵਕਫ਼ਾ ਵੀ ਹੈ:

ਅਸੀਂ ਤਾਂ ਪੰਛੀ ਦੇ ਬੋਟ ਦੀ
ਪਹਿਲੀ ਉਡਾਣ ਹਾਂ
ਜੋ ਉਡਦਾ ਹੈ

ਡਿੱਗਦਾ ਹੈ ਤੇ ਫਿਰ ਉਡਦਾ ਹੈ
ਅਤੇ ਇੰਜ ਵਕਫ਼ਾ ਤੈਅ ਕਰਦਾ ਹੈ।

ਅਤੇ ਕਠੋਰ ਸੰਘਰਸ਼ ਹੈ। ਆਪਣੇ ਨਿੱਜੀ ਅਨੁਭਵ ਦੇ ਕਾਰਨ ਰਵਿੰਦਰ ਇਸ ਦੇ ਫ਼ਾਸਲਾ ਤੈਅ ਕਰਨ ਦਾ ਸੰਘਰਸ਼ ਇਕ ਕੌੜਾ, ਪੇਚੀਦਾ, ਪ੍ਰੀਖਿਆਈ ਮੱਦਿਆਂ ਤੇ ਮਸੀਬਤਾਂ ਕਾਰਨ ਕਰੜਾਈਆਂ ਅਤੇ ਜੜ੍ਹਾਂ ਤੇ ਜੇਰਿਆਂ ਤੋਂ ਪੂਰੀ ਤਰ੍ਹਾਂ ਵਾਕਫ਼ ਹੈ। ਇਸ ਸੰਘਰਸ਼ ਦਾ ਇਕ ਪ੍ਰੇਰਨਾ-ਬਿੰਦ ਖ਼ੁਦ ਜ਼ਿੰਦਗੀ ਨਾਲ ਪਿਆਰ ਹੈ । ਪਰ ਕਈ ਪੱਖਾਂ ਦੀਆਂ ਮਜਬੂਰੀਆਂ ਅਤੇ ਤ੍ਰਿਪਤੀਆਂ ਵੀ ਇਸ ਰਾਹ ਦਾ ਭਾਗ ਹੁੰਦੀਆਂ ਹਨ ਜਦ ਵਿਅਕਤੀ ਹਾਲਾਤ ਵਸ ਕਈ ਜ਼ਖ਼ਮ ਖਾਂਦਾ ਹੈ ਤਾਂ ਉਹ ਜ਼ਿੰਦਗੀ ਦੇ ਗਲ ਲੱਗ ਕੇ ਹੀ ਆਪਣੀ ਅੰਦਰੂਨੀ ਪੀੜ ਦਾ ਨਿਕਾਸ ਭਰਦਾ

ਹੈ। ਉਸ ਦੀ ਜਾਂ ਹਾਲਾਤ ਦੀ ਪੱਥਰਦਿਲੀ ਨੂੰ ਕੋਸਦਾ ਹੋਇਆ ਆਪਣੀਆਂ ਮਜਬੂਰੀਆਂ ਦਾ ਅਹਿਸਾਸ ਵੀ ਕਰਦਾ ਹੈ। ਇਸ ਬਹੁਪਰਤੀ ਤੇ ਪੇਚੀਦਾ ਸੰਬੰਧ ਨੂੰ ਨਾਕਾਰਦਾ ਕਦੇ ਕਦੇ ਉਹ ਕਹਿ ਉਠਦਾ ਹੈ :

ਜ਼ਿੰਦਗੀ...

ਤੂੰ ਇੰਨੀ ਨਿਰਦਈ ਕਿਵੇਂ ਬਣ ਗਈ? ਫਿਰ ਤੂੰ ਹੀ ਦੱਸ? ਨਿੱਕੀਆਂ ਨਿੱਕੀਆਂ ਕਮਜ਼ੋਰੀਆਂ ਦਾ ਫਾਇਦਾ ਉਠਾਂਦਿਆਂ ਤੈਨੂੰ ਸ਼ਰਮ ਨਾ ਆਈ?

ਪਰ ਕਿਸੇ ਪ੍ਰਕਾਰ ਦੇ ਪਿੱਛੇ ਹਟ ਜਾਣ ਨੂੰ ਉਹ ਖ਼ੁਦਕੁਸ਼ੀ ਦਾ ਨਾਮ ਦਿੰਦਾ ਹੈ ਅਤੇ ਇਸ ਦੇ ਆਰ-ਪਾਰ ਝਾਕਦਾ ਹੈ। ਇਹ ਸਥਿਤੀ ਐਕੁਏਰੀਅਮ ਦੀ ਰੰਗਦਾਰ ਮਛਲੀ ਵਰਗੀ ਹੋ ਨਿਬੜਦੀ ਹੈ, ਜਿਸ ਕੋਲ ਰੰਗ ਹਨ, ਸੁਰੱਖਿਆ ਹੈ ਪਰ ਬੰਧਨ ਤੇ ਸੀਮਾਵਾਂ ਵੀ ਹਨ। ਇਸ ਪੇਚੀਦਾ ਅਤੇ ਤਲਖ ਤਜਰਬੇ ਵਿਚ ਉਸ ਦਾ ਸਹਾਰਾ ਉਹ ਪਿਆਰ ਆ ਬਣਦਾ ਹੈ ਜੋ ਉਸ ਨੂੰ ਪਰਵਾਨ ਕਰਦਾ ਤੇ ਹੁੰਗਾਰਾ ਦਿੰਦਾ ਹੈ :

ਮੈਂ ਰਿਣੀ ਹਾਂ
ਬੀਵੀ ਅਤੇ ਪੁੱਤਰ ਦੀਆਂ ਅੱਖਾਂ 'ਚ ਵਸਦੇ
ਅਣਕਹੇ ਪਿਆਰ ਦੇ ਅਥਾਹ ਸਾਗਰ ਦਾ।

ਇਸ ਤਜਰਬੇ ਦੇ ਬਾਅਦ ਵੀ ਸਹਿਰਾਅ ਨੇ ਜ਼ਿੰਦਗੀ ਚਿੱਤਵੀ ਹੋਈ ਹੈ ਅਤੇ ਉਮੀਦੀ ਹੋਈ ਜ਼ਿੰਦਗੀ ਪ੍ਰਤੀ ਵਚਨਬੱਧ ਹੈ :

ਹੇ ਜ਼ਿੰਦਗੀ ਤੂੰ ਹੱਸਦੀ ਆਈ ਜਦੋਂ ਵੀ ਜੀਅ ਚਾਹਵੇ ਆਈ ਮੈਂ ਹਾਜ਼ਰ ਮਿਲਾਂਗਾ।

ਪਰ ਜਿਸ ਮਾਹੌਲ ਨੇ, ਜਿਸ ਦੇਸ਼ ਨੇ ਅਤੇ ਜਿਨ੍ਹਾਂ ਸਬੰਧਾਂ ਨੇ ਅਜਿਹੇ ਪੀੜਦਾਇਕ ਅਨੁਭਵ ਪੱਲੇ ਪਾਏ ਹੋਣ, ਜਿਥੇ ਖੁਦਕਸ਼ੀ ਦੇ ਆਰ-ਪਾਰ ਦੇਖਣ ਦੀ ਮਜ਼ਬੂਰੀ ਵੀ ਆਣ ਖੜ੍ਹੇ, ਉਸ ਸਥਿਤੀ ਨੂੰ ਅਲਵਿਦਾ ਆਖਣਾ ਵੀ ਕਈ ਵਾਰ ਵਿਅਕਤੀ ਦੇ ਹਿੱਸੇ ਆ ਜਾਂਦਾ ਹੈ ਅਤੇ ਉਹ ਇਕ ਪਰਵਾਸੀ ਦੀ ਹੋਣੀ ਸਵੀਕਾਰ ਕਰ ਲੈਂਦਾ ਹੈ। ਪਰ ਇਹ ਪਰਵਾਸੀ ਹੋਣੀ ਵੀ ਘੱਟ ਦੁੱਖਦਾਈ ਨਹੀਂ, ਕਿਉਂਕਿ ਪਰਵਾਸੀ—

ਦਾਣਿਆਂ ਦੇ ਬੋਹਲ ਉਤੇ ਅਠਖੇਲੀਆਂ ਕਰਦੇ, ਚੁੰਜਾਂ ਭਰਦੇ ਖੰਭ ਝੜੇ ਪੰਛੀ ਹਨ।

ਪਰਵਾਸ ਦੀਆਂ ਆਪਣੀਆਂ ਸਮੱਸਿਆਵਾਂ ਹਨ, ਆਪਣੇ ਅਕਸ ਹਨ। ਦੇਸ਼ ਤੋਂ ਗਿਆ ਚੇਤੰਨ ਵਿਅਕਤੀ ਪਰਵਾਸ ਦੀ ਮਕੈਨਕੀ ਜ਼ਿੰਦਗੀ, ਬੇਕਿਰਕ ਦੌੜ-ਭੱਜ ਨੂੰ ਆਪਣੇ ਮਨ-ਤਨ ਤੇ ਹੰਢਾਉਂਦਾ ਹੈ ਪਰ ਤੰਗੀਆਂ ਦੇ ਮਾਰੇ ਵਤਨੀ ਉਸ ਨੂੰ ਹਰ ਪੱਖੋਂ ਸਮਰੱਥ, ਖ਼ੁਸ਼ਹਾਲ ਅਤੇ ਸੰਪੂਰਨ ਹੋਣ ਦਾ ਭਰਮ ਪਾਲਦੇ ਹਨ ਅਤੇ ਆਪਣੇ ਨਾਲੋਂ ਉੱਚ-ਦਰਜੇ ਦਾ ਵਿਅਕਤੀ ਸਮਝਦੇ ਹਨ। ਕਵੀ ਇਸ ਭਰਮ-ਜਾਲ ਨੂੰ ਤੋੜਨ ਲਈ ਪਰਵਾਸੀ ਜੀਵਨ ਦੀ ਕਰੜੀ ਤੇ ਬੇਕਿਰਕ ਜ਼ਿੰਦਗੀ ਦੇ ਜਜ਼ਬਾਤੀ ਦ੍ਰਿਸ਼ ਚਿਤਰਨ ਲਈ ਵੀ ਕਰਮ ਚੁੱਕਦਾ ਹੈ। ਪਰਵਾਸੀ ਦੀ ਦੋ ਫਾਕੜ 'ਮਨੋਸਥਿਤੀ' ਨੂੰ ਚਿੱਤਰਦਾ ਕਵੀ ਲਿਖਦਾ ਹੈ :

ਬੱਸ! ਪਿੱਛੇ ਰਹਿ ਗਈ
ਤੇ ਏਥੇ ਜਨਮੀ
ਦੋ ਪੀੜ੍ਹੀਆਂ ਵਿਚਕਾਰਲਾ ਦੁਖਾਂਤ ਹਾਂ।

ਅੱਗੇ ਇਹ ਦੋਹਰੀ ਮਾਰ ਦਾ ਹੋਰ ਦ੍ਰਿਸ਼ ਪੇਸ਼ ਹੈ:

ਡਾਲਰਾਂ ਦੇ ਰੁੱਖ ਤੇ ਪੁੱਠੇ ਲਟਕੇ ਅਸੀਂ ਉਹ ਚਮਗਿੱਦੜ ਹਾਂ ਜਿੰਨਾਂ ਨੂੰ ਧਰਤ ਦੀ ਛੋਹ ਕਦੇ ਨਸੀਬ ਨਹੀਂ ਹੋਣੀ।

ਮੁੜ੍ਹਕੇ ਦੀ ਕਹਾਣੀ ਦਾ ਬਿਆਨ ਵੀ ਦਰਜ ਹੈ :

ਮੁੜ੍ਹਕੇ ਦੀ ਕਹਾਣੀ ਬਹੁਤ ਹੀ ਦਰਦਨਾਕ ਹੈ ਜਿਸ ਦੇ ਪਾਤਰ ਘੰਟਿਆਂ ਬੱਧੀ 'ਬੇਬੀ ਸਿਟਰਜ਼' ਕੋਲ ਰੁਲਦੇ ਸਾਡੇ ਬੱਚੇ

ਤੇ ਤੜਫਦੀ ਮਮਤਾ ਨੂੰ ਸੀਨਿਆਂ 'ਚ ਲੈ ਕੇ ਬਰਾਬਰ ਕੰਮ ਕਰਦੀਆਂ ਸਾਡੀਆਂ ਬੀਵੀਆਂ।

ਉਹ ਬਿਆਨਦਾ ਹੈ ਕਿ ਦਿਨਾਂ ਵਿਚ ਹੀ ਪੈਸੇ ਬਟੋਰਨ ਵਾਲੇ, ਚਮਕ-ਦਮਕ ਖਰੀਦਣ ਵਾਲੇ ਤਾਂ ਉਹ 'ਪ੍ਰਚਾਰਕ ਜਥੇ' ਜਾਂ 'ਬਿਜ਼ਨੈਸ ਟ੍ਰਿਪਾਂ' ਵਾਲੇ ਹੀ ਹਨ, ਅਸੀਂ ਤਾਂ ਕੁਝ ਵੀ ਨਹੀਂ।

ਪਰਵਾਸੀ ਨੂੰ ਪਰਵਾਸ ਦੀਆਂ ਸਰਮਾਏਦਾਰਾਨਾ ਕਦਰਾਂ-ਕੀਮਤਾਂ ਅਤੇ ਲੁੱਟ-ਖਸੁੱਟ ਦਾ ਹੀ ਸਾਹਮਣਾ ਨਹੀਂ ਕਰਨਾ ਪੈਂਦਾ। ਉਸ ਨੂੰ ਆਪਣੀ ਬਿੰਦੂ ਬਣ ਰਹੀ ਹੋਂਦ ਦਾ ਹੀ ਦੁੱਖ ਨਹੀਂ, ਸਗੋਂ ਉਸ ਦੇ ਵਤਨ ਵਿਚ ਬਹੁਤ ਕੁਝ ਖ਼ੁਰ ਰਹੇ ਦਾ ਝੋਰਾ ਹੈ। ਭਾਵੇਂ ਉਸ ਤਬਦੀਲੀ ਤੇ ਖੋਰੇ ਦੇ ਕਾਰਨ ਵਿਕਾਸਕ੍ਰਮ ਵਿਚ ਹੋਣ ਭਾਵੇਂ ਸਮਕਾਲੀ ਸਿਆਸੀ ਸਥਿਤੀ ਵਿਚ ਹੋਣ ਉਹ ਉਸ ਨੂੰ ਚੁੱਭਦੇ ਜ਼ਰੂਰ ਹਨ :

ਬਿਨ ਬੁਲਾਏ ਪੁਲਸੀਆਂ ਦੇ
ਬੇਹੂਦਾ ਸਵਾਲਾਂ ਤੋਂ ਡਰਦਾ
ਬੈਠਾ ਰਹਿੰਦਾ ਹੋਵੇਗਾ
ਖੇਸੀ ਦੀ ਬੁੱਕਲ ਮਾਰ ਹਵੇਲੀ ਦੀ ਕਿਸੇ ਨੁੱਕਰੇ।

ਪਰਵਾਸ ਭਾਵੇਂ ਦੇਸ਼ ਦਾ ਹੋਵੇ ਭਾਵੇਂ ਵਿਦੇਸ਼ ਦਾ ਵਿਅਕਤੀ ਦਾ ਭੂਤਕਾਲ ਉਸ ਦੇ ਨਾਲ ਵਿਚਰਦਾ ਹੈ। ਜੇਕਰ ਵਰਤਮਾਨ ਮਨਇੱਛਿਤ ਸੰਤਸ਼ਟੀ ਅਤੇ ਤ੍ਰਿਪਤੀ ਨਾ ਪ੍ਰਦਾਨ ਕਰਦਾ ਹੋਵੇ ਤਾਂ ਵਿਅਕਤੀ ਅਤੇ ਸਮਾਜ ਵੀ ਪਿੱਠ ਬੀਤੇ 'ਚ ਸੁਰੱਖਿਆ ਦਾ ਅਹਿਸਾਸ ਭਾਲਦਾ ਹੈ ਅਤੇ ਸੰਬੰਧਤ ਚੌਗਿਰਦੇ ਦੀ ਅਦਲਾ-ਬਦਲੀ ਉਸ ਨੂੰ ਹੋਰ ਵੀ ਉਦਾਸ ਕਰ

ਦਿੰਦੀ ਹੈ। ਇਹ ਹੋਣੀ ਵੀ ਪਰਵਾਸੀ-ਚੇਤਨਾ ਦੀ ਹੋਣੀ ਹੈ। ਇਸ ਕਰ ਕੇ ਪਰਵਾਸੀ ਨੂੰ ਲੱਗਦਾ ਹੈ ਕਿ ਅਸਾਡੇ ਪਰਤਣ ਤੱਕ ਬਹੁਤ ਕੁਝ ਬਦਲ ਗਿਆ ਹੋਵੇਗਾ। ਇਹ ਅਹਿਸਾਸ ਦੀ ਤੀਬਰ ਪੇਸ਼ਕਾਰੀ ਹੈ, ਅਸਾਡੇ ਪਰਤਣ ਤੀਕ ਵਿਚ।

ਪਰਵਾਸ ਵਿਚ ਮਨੁੱਖ ਬਹੁ-ਰੰਗੇ ਅਨੁਭਵ ਹੰਢਾਉਂਦਾ ਹੈ ਫਿਰ ਵੀ ਆਪਣੀ ਜੜ੍ਹ ਦੀ ਪਹਿਚਾਣ ਰੱਖਦਾ ਹੈ। ਆਪਣੇ ਸਭਿਆਚਾਰ ਦੀ ਹੀ ਨਹੀਂ, ਸਗੋਂ ਆਪਣੀ ਕੌਮੀ ਤੇ ਜਮਾਤੀ ਪਹਿਚਾਣ ਵੀ ਉਸ ਦੇ ਅਨੁਭਵ ਅਤੇ ਸੋਚ ਦਾ ਅੰਗ ਬਣੀ ਰਹਿੰਦੀ ਹੈ। ਇਹ ਅਹਿਸਾਸ ਤੇ ਬੋਧ ਉਹਦੇ ਜੀਵਤ ਤੇ ਜਾਗਰਤ ਹੋਣ ਦਾ ਸੂਚਕ ਵੀ ਹੈ।

ਇਕ ਚੇਤਨ ਤੇ ਪ੍ਰਤੀਬੱਧ ਕਵੀ ਹੋਣ ਦੇ ਨਾਤੇ, ਰਵਿੰਦਰ ਨੂੰ ਇਸ ਪਹਿਚਾਣ ਦਾ ਡੂੰਘਾ ਅਹਿਸਾਸ ਹੈ। ਇਸ ਪਹਿਚਾਣ ਦਾ ਰੰਗ ਹੋਰ ਵੀ ਉੱਘੜ ਆਉਂਦਾ ਹੈ ਜਦੋਂ ਪ੍ਰਿਸ਼ਟ-ਭੂਮੀ ਵਿਚ ਅਮਰੀਕੀ ਮਹਾਂ-ਸ਼ਕਤੀ ਦਾ ਦਾਨਵੀ ਪਰਛਾਵਾਂ ਬਿੱਫਰਿਆ/ਬੁਕਰਾਲ੍ਹਿਆ ਫਿਰਦਾ ਹੋਵੇ। ਇਸ ਕਰ ਕੇ ਉਹ ਅਮਰੀਕਣ ਬੇਘਰੇ ਲੋਕਾਂ ਦੇ ਅਹਿਸਾਸ ਨੂੰ ਫੜਨ ਦਾ ਯਤਨ ਕਰਦਾ ਹੈ ਜਿਨ੍ਹਾਂ ਨੂੰ ਆਪਣੇ ਅਮਰੀਕਨ ਹੋਣ ਤੋਂ ਇਨਕਾਰ ਵੀ ਨਹੀਂ ਪਰ ਅਮਰੀਕਣ ਨਾ ਹੋਣ ਦਾ ਸੰਸਾ ਵੀ ਜਿਨ੍ਹਾਂ ਦਾ ਨਿਰੰਤਰ ਪਿੱਛਾ ਕਰਦਾ ਹੈ। ਮੌਲਿਕ ਬਿੰਬਾਂ ਨਾਲ ਸਜੀ ਇਹ ਕਵਿਤਾ (ਬੇਘਰੇ) ਇਸ ਅਹਿਸਾਸ ਦਾ ਜਾਨਦਾਰ ਤੇ ਸ਼ਾਨਦਾਰ ਕਾਵਿ-ਚਿੱਤਰ ਹੈ। ਬੇਘਰਿਆਂ ਦੇ ਭਾਵ ਬੋਲਦੇ ਹਨ :

ਕਦੀ ਕਦੀ ਤਾਂ ਇੰਝ ਲਗਦਾ ਹੈ ਕਿ ਅਸੀਂ ਅਬਰਾਹਮ ਲਿੰਕਨ ਦੀਆਂ ਸੁੱਤੀਆਂ ਹੋਈਆਂ ਸੁਪਨੇ ਲੈਂਦੀਆਂ ਅੱਖਾਂ 'ਚ ਆਈ ਗਿੱਡ ਹਾਂ।

ਅਸੀਂ :

ਥਾਮਸ ਜੈਫਰਸਨ ਦੀਆਂ ਵਿਧਾਨ ਘੜਨੀਆਂ ਕਿਤਾਬਾਂ ਉਪਰ ਜੰਮੀ ਹੋਈ ਧੂੜ ਹਾਂ।

ਜਾਂ ਫਿਰ ਏਕੜਾਂ ਵਿਚ ਫੈਲੇ ਹੋਏ ਰੋਨਾਲਡ ਰੀਗਨ ਦੇ ਰੈਂਚ ਵਿਚ ਚਰ ਰਹੇ ਘੋੜਿਆਂ ਦੀ ਲਿੱਦ ਹਾਂ

ਛੁੱਟੀਆਂ ਮਨਾਉਂਦੇ ਜੌਰਜ ਬੁਸ਼ ਦੀ ਫਿਸ਼-ਸਟਿੱਕ ਵਿਚ ਟੰਗੇ ਹੋਏ ਗੰਡੋਏ ਹਾਂ

ਇਨਕਾਰ ਤਾਂ ਨਹੀਂ ਕਰਦੇ ਪਰ ਕਦੀ ਕਦੀ ਸ਼ੱਕ ਹੋ ਜਾਂਦਾ ਹੈ।

(ਬੇਘਰੇ)

ਇਹ ਕਵੀ ਦੀ ਪ੍ਰਗਤੀਸ਼ੀਲ ਅਤੇ ਜਮਾਤੀ ਚੇਤਨਾ ਦੀ ਹੀ ਖ਼ੂਬੀ ਹੈ ਜਿਹੜੀ ਆਪਣੇ ਵਰਗੇ ਜਮਾਤੀ-ਮਿੱਤਰਾਂ ਦੀ ਦੁਰਦਸ਼ਾ ਦਾ ਗੂੜ੍ਹਾ ਤੇ ਪ੍ਰਭਾਵਸ਼ਾਲੀ ਅਤੇ ਜ਼ੋਰਦਾਰ ਚਿੱਤਰ ਚਿੱਤਰਣ ਲਈ ਉਸ ਨੂੰ ਪ੍ਰੇਰਦੀ ਹੈ ਤਾਂ ਜੁ ਉਨ੍ਹਾਂ ਵਿਚ ਵੀ ਜਮਾਤੀ ਚੇਤਨਤਾ ਦਾ ਸੰਚਾਰ ਹੋ ਸਕੇ ਅਤੇ ਦੱਬੇ ਕੁਚਲੇ ਲੋਕਾਂ ਦੀ ਇਕਮੁੱਠਤਾ ਸਾਕਾਰ ਹੋ ਸਕੇ।

ਇਹ ਜਮਾਤੀ-ਖਿੱਚ,ਜਮਾਤੀ-ਪਹਿਚਾਣ ਤੇ ਜਮਾਤੀ-ਪ੍ਰਵਿਰਤੀ ਹੀ ਹੈ ਜਿਹੜੀ ਪਰਵਾਸੀ ਨੂੰ ਜੌਰਜ਼ ਬਣ ਗਏ ਪਾਤਰ ਦੇ ਨੇੜੇ ਲਿਆਉਂਦੀ ਹੈ ਅਤੇ ਉਸ ਨੂੰ ਆਪਣੇ ਵਤਨ ਦੇ ਅਤੇ ਦੱਬੇ-ਦਰੜੇ ਦੁਰਗੇ ਭੰਗੀ ਨਾਲ ਸੁਮੇਲਦੀ ਹੈ ਅਤੇ ਇਨ੍ਹਾਂ ਦੋਹਾਂ ਦੀ ਏਕਤਾ ਦੀ ਨੀਂਹ ਰੱਖਦੀ ਹੈ। ਉਂਜ ਕਵਿਤਾ ਜੌਰਜ ਇਕ ਉਪਭਾਵਕ ਚਿੱਤਰਣ ਵਧੇਰੇ ਹੈ।

ਜ਼ਖ਼ਮੀ ਪਲਾਂ ਤੋਂ ਜੌਰਜ ਤੀਕ ਦੇ ਲੰਬੇ ਸਫ਼ਰ ਵਿਚ ਦੋਸਤੀ ਦਾ 'ਇਕ ਸਫ਼ਰ' ਵੀ ਸ਼ਾਮਲ ਹੈ ਜਿਸ ਵਿਚ ਬੀਤ ਗਏ ਦੇ ਅਨੁਭਵ, ਆਪਣੀ ਵਤਨੀ ਮਿੱਟੀ ਦੇ ਨੇੜੇ ਹੋਣ ਦਾ ਨਿੱਘ, ਖੁੱਲ੍ਹਾਂ ਅਤੇ ਅਜੋਕੇ ਹਿੰਸਕ ਤੇ ਬੰਧੇਜ-ਮੁਖੀ ਮਾਹੌਲ ਦੇ ਪਰਛਾਵੇਂ ਵੀ ਅਕਸੇ ਗਏ ਹਨ, ਉਹ ਸਫ਼ਰ ਜੋ ਦੋਸਤਾਂ ਦੀਆਂ ਦੁਆਵਾਂ ਨਾਲ ਆਰੰਭ ਹੁੰਦਾ ਹੈ ਅਤੇ ਦੁਆਵਾਂ ਨਾਲ ਹੀ ਸੰਪੂਰਨ ਹੁੰਦਾ ਹੈ।

ਤੁਕਾਂਤ-ਰਹਿਤ ਕਾਵਿ ਦੇ ਭਾਗ ਵਿਚ ਸਹਿਰਾਅ ਨੇ ਸਮੁੱਚੀ ਜ਼ਿੰਦਗੀ ਨੂੰ ਬਹੁਕੋਣੀ ਨੀਝ ਨਾਲ ਦੇਖਿਆ ਹੈ, ਬਹੁ-ਪਰਤੀ ਅਨੁਭਵ ਪੇਸ਼ ਕੀਤੇ ਹਨ ਅਤੇ ਬਹੁ-ਦਿਸ਼ਾਵੀ ਨਜ਼ਰ ਗ੍ਰਹਿਣ ਕੀਤੀ ਹੈ। ਇਸ ਤਰ੍ਹਾਂ ਉਸ ਨੇ ਇਕਹਿਰੇਪਣ ਤੇ ਸਤਈਪਣ ਤੋਂ ਦੂਰ ਰਹਿਣ ਦੇ ਸਾਰਥਕ ਸੰਕੇਤ ਦਰਜ ਕੀਤੇ ਹਨ। ਉਸ ਦੀ ਨੀਝ/ਸਮਰੱਥਾ ਉਸ ਦੀ ਸਮੁੱਚੀ ਕਵਿਤਾ ਵਿਚੋਂ ਬੋਲਦੀ ਹੈ। ਇਹ ਆਸ ਕਰਨੀ ਵਾਜਿਬ ਹੈ ਕਿ ਉਹ ਜ਼ਿੰਦਗੀ ਦੀਆਂ ਹੋਰ ਡੂੰਘੀਆਂ ਪਰਤਾਂ ਨੂੰ ਵੀ ਫਰੋਲੇਗਾ ਅਤੇ ਆਪਣੀ ਸਾਹਿਤਕ-ਕਲਾਤਮਕ ਦੇਣ ਨੂੰ ਹੋਰ ਨਿਖਾਰੇਗਾ।

ਸਹਿਰਾਅ ਨੇ ਕੁਝ ਲਘੂ-ਕਵਿਤਾਵਾਂ ਵੀ ਲਿਖੀਆਂ ਹਨ ਜਿਹੜੀਆਂ ਹਕੀਕਤ ਦਾ ਤੀਖਣ ਬਿੰਬ ਪੇਸ਼ ਕਰਦੀਆਂ ਹਨ, ਜਿਨ੍ਹਾਂ ਵਿਚ ਵੇਸਵਾ ਅਤੇ ਪਰਵਾਸੀ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ।

ਗ਼ਜ਼ਲਾਂ ਦੀ ਸੰਖੇਪ ਮਹਿਫ਼ਲ ਵਿਚ ਦਸ ਗ਼ਜ਼ਲਾਂ ਸ਼ਾਮਲ ਹਨ। ਕੁਝ ਪੰਜਾਬੀ ਦੀ ਮੌਜੂਦਾ ਫਿਰਕੂ ਹਿੰਸਾ ਨੂੰ ਪ੍ਰਗਟ ਕਰਦੀਆਂ ਹਨ ਅਤੇ ਕੁਝ ਦੂਸਰੇ ਵਿਸ਼ਿਆਂ ਨੂੰ ਇਨ੍ਹਾਂ ਗ਼ਜ਼ਲਾਂ ਦੇ ਕੁਝ ਸ਼ਿਅਰ ਬਹੁਤ ਭਾਵਪੂਰਤ ਹਨ :

ਤ੍ਰਿਸ਼ੂਲ ਤੇ ਕਿਰਪਾਨ ਚਲਦੀ ਹੈ ਸ਼ਕਲ ਨੂੰ ਦੇਖ ਕੇ, ਦੁਸ਼ਮਣਾਂ ਦੀ ਚੋਣ ਦਾ ਇਹ ਢੰਗ ਹੈ ਪਾਗਲ ਜਿਹਾ।

ਇਹ ਸ਼ਿਅਰ ਬਹੁਤ ਹੀ ਸੁਭਾਵਿਕਤਾ ਦੇ ਨਾਲ ਨਾਲ ਸੁਝਾਤਾਮਕਤਾ ਨੂੰ ਵੀ ਸਮੋਈ ਬੈਠਾ ਹੈ। ਦੁਸ਼ਮਣਾਂ ਦੀ ਚੋਣ ਦਾ ਸਹੀ ਢੰਗ ਕਿਹੜਾ ਹੋਵੇ, ਇਹ ਸ਼ਿਅਰ ਇਸ ਰਮਜ਼ ਨੂੰ ਵੀ ਸਮੋਈ ਬੈਠਾ ਹੈ ਜਿਹੜੀ ਕਿ ਇਕ ਪਾਏਦਾਰ ਸਾਹਿਤ ਦੀ ਨਿਸ਼ਾਨੀ ਹੁੰਦੀ ਹੈ।

ਫਿਰਕੂ ਹਿੰਸਾ ਕਿਵੇਂ ਤਰਕਹੀਣਤਾ ਦਾ ਸਹਾਰਾ ਲੈ ਕੇ ਤਰਕ ਅਤੇ ਸੱਚ ਉਪਰ ਵਾਰ ਕਰਦੀ ਹੈ, ਇਸ ਦਾ ਜ਼ੋਰਦਾਰ ਚਿੱਤਰਨ ਵੀ ਪੇਸ਼ ਹੈ:

ਜੋ ਵੀ ਕੋਈ ਗੱਲ ਕਰਦਾ ਤਰਕ ਦੀ, ਤਰਤੀਬ ਦੀ, ਹੋਂਦ ਉਸ ਦੀ ਹੀ ਮਿਟਾਵਣ ਦਾ ਕਰਨ ਉਹ ਫ਼ੈਸਲਾ।

ਮੌਜੂਦਾ ਫਿਰਕੂ ਸਥਿਤੀ ਵਿਚ ਉਭਰਦੇ ਨਕਲੀ ਮਸੀਹਿਆਂ ਨੂੰ ਅਸਲੀ ਮਸੀਹਿਆਂ ਨਾਲੋਂ ਉਹ ਅਲੱਗ ਕਰਦਾ ਹੈ ਕਿਉਂਕਿ ਈਸਾ ਆਪ ਜ਼ਖ਼ਮ ਖਾਂਦਾ ਹੈ, ਦੂਸਰਿਆਂ ਨੂੰ ਜ਼ਖ਼ਮਾਂ ਦੀ ਫ਼ਸਲ ਨਹੀਂ ਦਿੰਦਾ :

ਜੇਹੜਾ ਕਰਦਾ ਫਿਰਦਾ ਖੇਤੀ ਜ਼ਖ਼ਮਾਂ ਦੀ, ਉਸ ਦਾ ਨਾਮ ਮਸੀਹਾ, ਮੂਲ ਨਾ ਧਰਿਆ ਕਰ।
ਮੂਕ ਅਤੇ ਅਣਦਿਸਦੇ ਹਾਦਸੇ ਦੇ ਦੁਖਾਂਤ ਨੂੰ ਵੀ ਕਵੀ ਨੇ ਬਾਖ਼ੂਬੀ ਚਿੱਤਰਿਆ ਹੈ:

ਸਰਦਲ ਤੇ ਡੱਲਾ ਖ਼ੂਨ ਤਾਂ ਹੈ ਕਤਲ, ਇਹ ਸਭ ਨੇ ਕਿਹਾ, ਉਸ ਤੜਫ ਨੂੰ ਨਾਂ ਦਿਉ ਸੀਨੇ 'ਚ ਹੀ ਜੋ ਮਰ ਗਈ।

ਸਰਕਾਰੀ ਤੇ ਗ਼ੈਰ-ਸਰਕਾਰੀ ਲੋਕ-ਦੋਖੀ ਤਾਕਤਾਂ ਦੀਆਂ ਚਾਲਾਂ ਨੂੰ ਹਰਾ ਕੇ ਲੋਕ ਜ਼ਰੂਰ ਚਾਨਣ ਨੂੰ ਜੋਤ ਬਣਾਉਣਗੇ. ਇਸ ਆਸ਼ਾਵਾਦ ਦਾ ਬੋਧ ਵੀ ਕਵੀ ਨੂੰ ਹੈ :

ਜ਼ਰਾ ਤਾਰੀਖ ਨੂੰ ਫੋਲੋ, ਤੇ ਮੱਥੇ ਦੀ ਵੀ ਅੱਖ ਖੋਲ੍ਹੋ, ਹੈ ਚਾਨਣ ਜਿੱਤਦਾ ਆਇਆ, ਹਨੇਰਾ ਹਾਰਿਆ ਅਕਸਰ।

ਫੇਰ ਵੀ ਗ਼ਜ਼ਲਾਂ ਵਿਚ ਰੂਪਕ ਕਚਿਆਈ ਮੌਜੂਦ ਹੈ। ਆਸ ਹੈ ਕਿ ਸਹਿਰਾਅ ਇਸ ਸਮੱਸਿਆ ਉਪਰ ਵੀ ਕਾਬੂ ਪਾ ਲਵੇਗਾ ਪਰ ਗ਼ਜ਼ਲ ਰੂਪ ਨਾਲੋਂ ਤੁਕਾਂਤ-ਰਹਿਤ ਕਾਵਿ-ਰੂਪ ਵਿਚ ਉਸ ਦੀ ਪਕੜ ਤੇ ਪੇਸ਼ਕਾਰੀ ਵਧੇਰੇ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਹੈ।

ਰਵਿੰਦਰ ਦੇ ਦੂਸਰੇ ਕਾਵਿ-ਸੰਗ੍ਰਹਿ ਦੇ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਨੂੰ ਮੈਂ ਜੀ ਆਇਆਂ ਕਹਿੰਦਾ ਹਾਂ ਤੇ ਹੋਰ ਵੀ ਨਿੱਗਰ ਤੇ ਪਾਏਦਾਰ ਸਾਹਿਤਕ-ਸਿਰਜਣਾ ਦੀ ਆਸ ਕਰਦਾ ਹਾਂ।

**ਮੰਗੂਵਾਲ**

**14 ਅਪ੍ਰੈਲ 1993**

**ਦਰਸ਼ਨ ਸਿੰਘ ਖਟਕੜ**

**ਜ਼ਖ਼ਮੀ ਪਲ**

ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਸਿਆਹ ਕਾਲੀਆਂ ਰਾਤਾਂ ਨੇ।
ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਲਾਲ ਸੂਹੀਆਂ ਪਰਭਾਤਾਂ ਨੇ।

ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਮਜ਼ਹਬਾਂ ਦਿਆਂ ਸਰਦਾਰਾਂ ਨੇ।
ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਸਮੇਂ ਦੀਆਂ ਸਰਕਾਰਾਂ ਨੇ।

ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਆਹੂ ਲਾਹ ਕੇ ਫ਼ਸਲਾਂ ਦੇ।
ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਝਗੜੇ ਪਾ ਕੇ ਨਸਲਾਂ ਦੇ।

ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਦੰਗਿਆਂ ਅਤੇ ਫ਼ਸਾਦਾਂ ਨੇ।
ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਝੂਠਿਆਂ ਵਾਦ ਵਿਵਾਦਾਂ ਨੇ।

ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਫੁੱਲਾਂ ਅਤੇ ਖ਼ਾਰਾਂ ਨੇ।
ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਰਿਸ਼ਤੇ ਨਾਤੇਦਾਰਾਂ ਨੇ।

ਕੁਝ ਪਲ ਮੇਰੇ ਜ਼ਖ਼ਮੀ ਕੀਤੇ, ਵਗਦੀਆਂ ਫਿਰਕੂ 'ਵਾਵਾਂ ਨੇ।
ਕੁਝ ਪਲ ਮੇਰੇ ਜ਼ਖ਼ਮੀ ਕੀਤੇ, ਲੱਕੋਂ ਟੁੱਟਿਆਂ ਚਾਵਾਂ ਨੇ।

ਕੁਝ ਪਲ ਮੇਰੇ ਜ਼ਖਮੀ ਕੀਤੇ,

ਜੰਗਲ ਬੀਆਬਾਨਾਂ ਨੇ।

ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਆਦਮ ਜਿਹੇ ਹੈਵਾਨਾਂ ਨੇ।
ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਪੂਰੇ ਦੀਆਂ ਵਗਦੀਆਂ ਪੌਣਾਂ ਨੇ।

ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਸਰਕਾਰੇ ਨਿਵੀਆਂ ਧੌਣਾਂ ਨੇ।
ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਮੈਅ ਅਤੇ ਮੈਖ਼ਾਨੇ ਨੇ।

ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਬੇਗ਼ੈਰਤ ਜ਼ਮਾਨੇ ਨੇ।

ਕੁਝ ਪਲ ਮੇਰੇ ਜ਼ਖ਼ਮੀ ਕੀਤੇ,
ਜੇਲ੍ਹਾਂ 'ਚ ਸੜੀਆਂ ਸਧਰਾਂ ਨੇ।
ਕੁਝ ਪਲ ਮੇਰੇ ਜ਼ਖਮੀ ਕੀਤੇ,
ਤਿੜਕੀਆਂ ਕੀਮਤਾਂ, ਕਦਰਾਂ ਨੇ।

*

## ਜੰਗਲ ਦਾ ਕਾਨੂੰਨ

ਜੰਗਲ ਦੇ ਖ਼ੁਫੀਆ ਵਿਭਾਗ ਨੇ
ਇਤਲਾਹ ਦਿੱਤੀ ਹੈ
ਕਿ ਇਸ ਵਰ੍ਹੇ ਬਹਾਰ ਦੀ ਰੁੱਤੇ
ਦਰਖ਼ਤਾਂ ਨੂੰ ਕਰੂੰਬਲਾਂ ਦੀ ਬਜਾਇ
ਵਿਦਰੋਹੀ ਸਿਰ ਲੱਗ ਰਹੇ ਨੇ
ਤੇ ਟਾਹਣੀਆਂ ਉਪਰ ਝੂਮਦੇ ਪੰਛੀ
ਵਿਦਰੋਹੀ ਸੁਰ ਉਚਾਰਨਗੇ।
ਉਨ੍ਹਾਂ ਇਹ ਵੀ ਦੱਸਿਆ ਹੈ
ਕਿ ਪੱਤਝੜ ਦੀ ਮਾਰ ਨਾਲ
ਧਰਤੀ ਤੇ ਡਿੱਗੇ ਹੋਏ ਪੱਤੇ
ਬਾਰੂਦ ਬਣ ਰਹੇ ਹਨ
ਤੇ ਉਮਰ ਵਿਹਾ ਚੁੱਕੇ ਰੁੱਖੜੇ
ਵੀ ਮੁੱਕਿਆਂ ਵਾਂਗ ਤਣ ਰਹੇ ਨੇ।

ਖ਼ਬਰ ਸੁਣ ਕੇ
ਜੰਗਲ ਦੇ ਮਾਲਕ ਬਹੁਤ ਬੁਖਲਾ ਗਏ ਹਨ
ਤੇ ਉਨ੍ਹਾਂ ਹੁਕਮ ਦਿੱਤਾ ਹੈ
ਕਿ ਹਰ ਪਿੰਡ ਅਤੇ ਸ਼ਹਿਰ ਨੂੰ
ਜੋੜਦੀ ਸੜਕ ਉੱਤੇ
ਨਹਿਰਾਂ ਅਤੇ ਡਰੇਨਾਂ ਦੇ ਪੁਲਾਂ ਉਪਰ
ਸੁਰੱਖਿਆ ਦਸਤੇ ਤਾਇਨਾਤ ਕਰ ਦੇਵੋ।

ਜੰਮਦੀਆਂ ਕਰੂੰਬਲਾਂ ਨੂੰ ਕਤਲ ਕਰ ਕੇ
ਜੰਗਲ ਅਤੇ ਸ਼ਹਿਰ ਦੇ
ਹਰ ਕੋਨੇ 'ਤੇ ਟੰਗ ਦੇਵੋ
ਵਿਦਰੋਹੀ ਸੁਰ ਉਚਾਰਨ ਵਾਲੇ
ਹਰ ਪੰਖੇਰੂ ਦੀ

ਗਰਦਨ ਮਰੋੜ ਦੇਵੋ
ਤੇ ਬੋਲਾਂ ਨੂੰ ਕੈਦ ਕਰ ਕੇ
ਕਾਲ ਕੋਠੜੀ ਵਿਚ ਡੱਕ ਦੇਵੋ
ਜੰਗਲ ਦਾ ਕਾਨੂੰਨ ਏਹੋ ਹੈ।
ਜੰਗਲ ਦਾ ਅਸੂਲ ਏਹੋ ਹੈ।

ਪਰ ਜੰਗਲ ਦੇ ਮਾਲਕ ਭੁੱਲ ਗਏ ਹਨ
ਕਿ ਬੋਲ ਤਾਂ-
ਲੰਮ ਸਲੰਮੀ ਸੁਰਮਈ ਸੜਕ ਹੁੰਦੇ ਹਨ
ਜੋ ਮਣਾਂ ਮੂੰਹੀਂ ਭਾਰ
ਆਪਣੀ ਹਿੱਕ ਉਪਰ ਸਹਿ ਕੇ
ਮੁੱਛ ਫੁੱਟ ਗਭਰੂਆਂ ਦੇ
ਤੇਲ ਮਲੇ ਪੱਟਾਂ ਵਾਂਗ
ਹੈ ਚਮਕਦੀ ਰਹਿੰਦੀ।
ਮਹਿਬੂਬ ਦੀ ਮੁਸਕਾਨ ਹੁੰਦੇ ਹਨ
ਜਿੰਨ੍ਹਾਂ ਤੇ ਜਾਨ ਵੀ
ਹੈ ਫ਼ਿਦਾ ਹੋ ਸਕਦੀ
ਇਹ ਤਾਂ ਮੂੰਹੋਂ ਨਿਕਲਦਿਆਂ ਹੀ
ਹਵਾਵਾਂ ਵਿਚ ਰਲ ਜਾਂਦੇ ਨੇ
ਤੇ ਹਵਾਵਾਂ ਕਦੇ ਕੈਦ ਨਹੀਂ ਹੁੰਦੀਆਂ।

*

**ਲਕੀਰਾਂ**

ਲਕੀਰਾਂ ਨੂੰ ਸਿਰਫ਼
ਲਕੀਰਾਂ ਹੀ ਨਾ ਸਮਝੋ
ਇਹ ਜਿਊਂਦੀਆਂ ਵੀ ਹਨ
ਤੇ ਮਰਦੀਆਂ ਵੀ।
ਇਨ੍ਹਾਂ ਦੇ ਕੰਨ ਵੀ ਹਨ
ਹੱਥ ਵੀ ਅਤੇ ਪੈਰ ਵੀ
ਸਮੁੰਦਰ 'ਚ ਤੈਰਦੀਆਂ
ਮੱਛਲੀਆਂ ਦੇ ਵਾਂਗ
ਇਨ੍ਹਾਂ ਦੇ-
ਅਣਗਿਣਤ ਰੂਪ ਤੇ ਆਕਾਰ ਹਨ।

ਘਰਾਂ ਦਿਆਂ ਵਿਹੜਿਆਂ ਤੋਂ ਚਲ ਕੇ
ਖੇਤਾਂ 'ਚ ਹੁੰਦੀਆਂ ਹੋਈਆਂ
ਇਹ ਦੇਸ਼ਾਂ ਬਦੇਸ਼ਾਂ 'ਚ ਵਿਚਰਦੀਆਂ ਹਨ
ਜੱਟ ਦੇ ਹੱਥ ਵਿਚ
ਗੰਡਾਸੇ ਤੋਂ ਲੈ ਕੇ
ਸਿਪਾਹੀ ਦੇ ਜਿਸਮ ਤੇ ਲੱਦੇ
ਬਾਰੂਦ ਤੱਕ ਦਾ ਕਾਰਨ ਹਨ ਇਹ।

ਕੁਝ ਸ਼ੈਤਾਨੀ ਦਿਮਾਗ
ਇਨ੍ਹਾਂ ਨੂੰ ਉਘਾੜਨ ਲਈ
ਦਿਨ ਰਾਤ ਹਨ ਸਾਜ਼ਿਸ਼ਾਂ ਕਰਦੇ
ਇਨ੍ਹਾਂ ਦੀ ਹੀ ਉਪਜ
ਬੜੀਆਂ ਔਤਰੀਆਂ ਹਨ ਕੁਝ ਲਕੀਰਾਂ
ਜੋ ਮਾੜੇ ਆਲੋਚਕ ਵਾਂਗ
ਜਜ਼ਬਾਤਾਂ ਨੂੰ ਛੰਡ ਸੁੱਟਦੀਆਂ ਹਨ
ਅੱਧਖੜ ਉਮਰ ਦੀ ਇਕ ਲਕੀਰ

ਭਲਾ ਕਿਸ ਤੋਂ ਗੁੱਝੀ ਹੈ?
ਜੀਹਨੇ ਕੁਝ ਹੀ ਦਿਨਾਂ 'ਚ
ਧਰਤ ਨੂੰ ਛਿੱਲ ਸੁੱਟਿਆ ਸੀ
ਤੇ ਮਨੁੱਖੀ ਜਿਸਮਾਂ ਦੇ ਚੀਥੜੇ ਕਰ ਕੇ
ਹਵਾ ਵਿਚ ਬਖੇਰ ਦਿੱਤੇ ਸਨ।

ਅੱਜ ਵੀ ਉਸ ਦੇ ਇਕ ਪਾਸੇ
ਅਸੀਂ ਕਾਫ਼ਰ ਹਾਂ
ਤੇ ਦੂਜੇ ਬੰਨੇ ਨਾਸਤਕ
ਲਕੀਰ ਤੇ ਪੈਰ ਧਰ ਕੇ
ਜੋ ਵੀ ਇਸ ਨੂੰ
ਮੇਟਣ ਦੀ ਹਿੰਮਤ ਕਰਦੈ
ਉਹ ਦੋਹਾਂ ਬੰਨਿਆਂ ਤੋਂ
ਵਰ੍ਹਦੀਆਂ ਗੋਲੀਆਂ ਸੰਗ-
ਅਣਿਆਈ ਮੌਤ ਜਾ ਮਰਦੈ।

ਸੁਸ਼ੋਭਿਤ ਹਨ ਇਹ ਲਕੀਰਾਂ
ਕਿਤੇ ਮਜ਼ਹਬ ਦੇ ਨਾਂ ਥੱਲੇ
ਕਿਤੇ ਬੋਲੀ ਦੇ ਨਾਂ ਹੇਠਾਂ—
ਕਿਤੇ ਰੰਗ-ਵਖਰੇਵੇਂ ਕਾਰਣ
ਕਿਤੇ ਨਸਲ ਦੇ ਨਾਂ ਥੱਲੇ।

ਲਕੀਰਾਂ ਧਰਤ ਉੱਪਰ
ਲਕੀਰਾਂ ਪਾਣੀਆਂ ਉੱਤੇ
ਲਕੀਰਾਂ ਅਕਾਸ਼ ਤੇ ਪਾਈਆਂ
ਲਕੀਰਾਂ ਜਦ ਵੀ ਉਹ ਉੱਭਰਨ-
ਹਮੇਸ਼ਾ ਖ਼ੂਨ ਦੀਆਂ ਤਿਹਾਈਆਂ।

*

**ਘਟਨਾਵਾਂ-ਦਰ-ਘਟਨਾਵਾਂ**

ਰਾਤ ਹਨ੍ਹੇਰੀ
ਦਿਨ ਦੀ ਲੋਏ
ਚਾਰੇ ਪਹਿਰ
ਪਿੰਡ ਤੇ ਸ਼ਹਿਰ
ਸੌਣ ਭਾਦੋਂ ਨੂੰ
ਮੀਂਹ ਜਿਉਂ ਬਰਸੇ
ਵਾਪਰ ਰਹੀਆਂ
ਧਰਤੀ ਉਪਰ
ਘਟਨਾਵਾਂ-ਦਰ-ਘਟਨਾਵਾਂ।

ਬੱਚੇ, ਬੁੱਢੇ
ਅੱਲ੍ਹੜ ਕੁੜੀਆਂ
ਜਾਂ ਗੱਭਰੂ ਮੁੱਛ ਫੁੱਟੇ
ਜਾਇ ਜਗਾਵਣ ਰਾਤੀਂ ਸੁੱਤੇ।
ਖੇਤਾਂ ਬੰਨਿਆਂ
ਨਹਿਰਾਂ ਉੱਤੇ
ਜ਼ੋਰ ਜ਼ਬਰ ਹੈ
ਕਹਿਰਾਂ ਉੱਤੇ
ਦਿਉ ਕੱਦ ਚਿਹਰੇ
ਹੱਥੀਂ ਰਫ਼ਲਾਂ
ਜਿਵੇਂ ਕੋਈ ਸਾਨ੍ਹ
ਉਜਾੜੇ ਫ਼ਸਲਾਂ
ਖੁਰਾ ਖੋਜ ਨਾ
ਛੱਡ ਕੇ ਜਾਵਣ
ਚੂੰ ਚਾਂ ਜੇ ਕਰਦਾ ਕੋਈ
ਮੁੜ ਆਉਣ ਦੀ
ਧਮਕੀ ਦੇ ਕੇ

ਖ਼ੂਨ ਦੇ ਅੰਦਰ

ਹੱਥ ਡਬੋਈ

ਚੁੱਪ ਚੁਪੀਤੇ ਉਹ ਤੁਰ ਜਾਵਣ

ਕਤਲੋ-ਗਾਰਤ

ਧਰਮ ਬਣਾਇਆ

ਪਾ ਕੇ ਦਹਿਸ਼ਤ

ਰਾਜ ਬਚਾਇਆ

ਦਿਨ ਚੜ੍ਹਦਿਆਂ

ਖ਼ਬਰ ਮਿਲਦਿਆਂ

'ਖੋਜੀ' ਹਰਲ ਹਰਲ ਪਏ ਕਰਦੇ

ਪਰ ਪੈੜਾਂ-

ਲੱਭਣ ਦੀ ਥਾਵੇਂ

ਲੋਕਾਂ ਦੇ—

ਅੰਦਰੀਂ ਜਾ ਵੜ੍ਹਦੇ

ਸਹਿਮੇ ਲੋਕੀ ਕਿੱਥੋਂ ਭਾਲਣ?

ਧਾੜਵੀਆਂ ਦਾ

ਥਹੁ ਸਿਰਨਾਵਾਂ

ਘਟਨਾਵਾਂ-ਦਰ-ਘਟਨਾਵਾਂ।

ਇਕ ਆਖੇ-

ਇਹ ਧਰਤੀ ਸਾਡੀ

ਤੇਰਾ ਤਾਂ ਇਹ

ਦੇਸ਼ ਹੀ ਨਹੀਉਂ

ਤੇਰੀ ਏਥੇ

ਦਾਲ ਨਹੀਂ ਗਲਣੀ

ਸਿਰ ਤੇਰੇ 'ਤੇ

ਕੇਸ ਹੀ ਨਹੀਉਂ

ਦੂਜਾ ਆਖੇ-

ਹੋ ਨਹੀਂ ਸਕਦਾ

ਤੂੰ ਵੀ ਮੇਰਾ ਸੱਚਾ ਆੜੀ

ਸਿਰ ਤੇਰੇ 'ਤੇ

ਪਗੜੀ ਬੱਝੀ

ਮੂੰਹ ਤੇਰੇ 'ਤੇ ਉੱਗੀ ਦਾੜ੍ਹੀ

ਕੁੜੀਆਂ ਚਿੜੀਆਂ

ਦੇ ਇਹ ਰਾਖੇ

ਅਕਲ ਵਿਹੂਣੇ

ਸ਼ਰਮਾਂ ਲਾਹ ਕੇ ਭਰੇ

ਬਾਜ਼ਾਰੀਂ ਖੌਰੂ ਪਾਵਣ

ਕੱਟਿਆਂ ਹੋਇਆਂ ਵਾਲਾਂ ਪਿੱਛੇ

ਨੀਲੇ ਪੀਲੇ ਰੰਗਾਂ ਖ਼ਾਤਿਰ

ਸਿਰਾਂ ਉੱਪਰੋਂ

ਚੁੰਨੀਆਂ ਲਾਹੁਣ

ਐਹੋ ਜਿਹੇ 'ਸਿਰਲੱਥਾਂ' ਉੱਪਰ

ਮਾਣ ਕਰਨ

ਕੀਕਣ ਮਾਵਾਂ?

ਘਟਨਾਵਾਂ-ਦਰ-ਘਟਨਾਵਾਂ।

ਗੀਤਾ, ਗ੍ਰੰਥ

ਕੁਰਾਨ ਦੀਆਂ ਆਇਤਾਂ

ਸੜ ਸੜ ਕੇ ਨੇ

ਹੋਈਆਂ ਰਾਖਾਂ

ਰੇਲਾਂ ਸੜੀਆਂ, ਬੱਸਾਂ ਸੜੀਆਂ

ਢੱਠੇ ਘਰ ਪਏ

ਖਾਣ ਨੂੰ ਆਵਣ

ਬਿਨਾਂ ਛੱਤਾਂ ਦੇ ਕੰਧਾਂ ਖੜ੍ਹੀਆਂ

ਮੈਂ ਹਾਂ ਧਰਮੀ, ਤੂੰ ਅਧਰਮੀ

ਗੱਲਾਂ ਸੱਭੇ ਕਰਦੇ ਬੜੀਆਂ

ਖ਼ੈਰੀਂ ਸੁੱਖੀਂ

ਵੱਸਦੀ ਸੀ ਜੋ

ਉਸ ਧਰਤੀ 'ਤੇ

ਕਿੱਥੋਂ ਪੈ ਗਿਆ?

ਚੰਦਰਿਆਂ ਦਾ ਪ੍ਰਛਾਵਾਂ

ਘਟਨਾਵਾਂ-ਦਰ-ਘਟਨਾਵਾਂ।

ਲੇਖਕਾਂ, ਸ਼ਾਇਰਾਂ

ਗੱਲ ਜੋ ਤੋਰੀ

ਜ਼ਹਿਰ ਦੇ ਵਾਕੁਰ ਲੱਗੀ ਕੌੜੀ

ਕੁਝ ਸੂਰੇ ਧਰਤੀ ਦੇ ਜਾਏ

ਲੋਕਾਂ ਨੂੰ ਸਨ ਜੋ ਪ੍ਰਣਾਏ

ਘੁਣ ਜਿਵੇਂ ਲੱਕੜੀ ਦਾ ਵੈਰੀ

ਉਵੇਂ ਹੀ ਉਹ ਮਾਰ ਮੁਕਾਏ

ਆਵੋ ਲੱਭੀਏ ਨਾਗਮਣੀ ਕੋਈ

ਜਾਂ ਫਿਰ

ਲੱਭੀਏ ਕੋਈ ਮਸੀਹਾ

ਧਰਤੀ ਦੇ ਦੁੱਖਾਂ ਨੂੰ ਪੀ ਕੇ

ਸਾੜ੍ਹਸਤੀ ਤੋਂ ਜੋ ਬਚਾਏ

ਜਿਸ ਧਰਤੀ ਦੇ ਉਪਰ ਹੋਵੇ

'ਨਾ ਕੋਈ ਵੈਰੀ ਨਾਹਿ ਬੇਗਾਨਾ'।

ਸਾਉਣ ਭਾਦੋਂ ਨੂੰ

ਮੀਂਹ ਜਿਉਂ ਬਰਸੇ

ਵਾਪਰ ਰਹੀਆਂ ਧਰਤੀ

ਉਪਰ ਘਟਨਾਵਾਂ-ਦਰ-ਘਟਨਾਵਾਂ।

*

**ਉੱਜੜੇ ਤੇਰੇ ਖੇਤ**

ਉੱਜੜੇ ਤੇਰੇ ਖੇਤ,
ਨੀਂ ਧਰਤ ਪੰਜਾਬ ਦੀਏ
ਹੱਸਦੇ ਵੱਸਦੇ ਘਰਾਂ ਦੇ
ਅੰਦਰ ਛਾ ਗਏ ਜਿਵੇਂ ਪ੍ਰੇਤ
ਨੀਂ ਧਰਤ ਪੰਜਾਬ ਦੀਏ...

ਭੈਣਾਂ ਦੇ ਅੱਜ ਕੇਸ ਨੇ ਖੁੱਲ੍ਹੇ
ਅੱਗ ਨਾ ਬਲਦੀ ਵਿਚ ਚੁੱਲ੍ਹੇ
ਬਾਪ ਦੇ ਸੀਨੇ ਛੇਕ
ਨੀਂ ਧਰਤ ਪੰਜਾਬ ਦੀਏ...

ਇਹ ਕੰਮ ਸਿਰਫ਼ ਨੇ ਕਰਦੇ ਕਾਇਰ
ਮਾਰਨੇ ਆਮ ਲੋਕ ਤੇ ਸ਼ਾਇਰ
ਜੈਮਲ, ਪਾਸ਼ ਸਮੇਤ
ਨੀਂ ਧਰਤ ਪੰਜਾਬ ਦੀਏ...

ਪਾਣੀਆਂ ਵਿਚ ਹੈ ਜ਼ਹਿਰ ਮਿਲਾਈ
ਇੱਜ਼ਤਾਂ ਉਪਰ ਹੈ ਬਣ ਆਈ
ਕਿਵੇਂ ਕੋਈ ਲਏ ਸਮੇਟ
ਨੀ ਧਰਤ ਪੰਜਾਬ ਦੀਏ...

ਰਾਜ ਭਾਗ ਨੂੰ ਚੰਬੜੇ ਚੋਰ
ਧਰਮ ਦੇ ਨਾਂ ਤੇ ਪੈਂਦਾ ਸ਼ੋਰ
ਖ਼ੂਨ 'ਚ ਲਿੱਬੜੀ ਰੇਤ
ਨੀਂ ਧਰਤ ਪੰਜਾਬ ਦੀਏ...

ਭੰਗੜੇ, ਕਿੱਕਲੀ, ਗਿੱਧੇ ਭੁੱਲੇ
ਖ਼ੂਨ 'ਚ ਰੱਤੇ ਹਵਾ ਦੇ ਬੁੱਲੇ

ਕੌਣ ਵੰਝਲੀ ਤੇ ਲਾਵੇ ਹੇਕ?
ਨੀਂ ਧਰਤ ਪੰਜਾਬ ਦੀਏ...

ਬੂਝਾ ਸਿੰਘ, ਮਰਗਿੰਦ ਬਣਾਂਗੇ
'ਰਵੀ' ਦੇ ਵਾਰਿਸ 'ਜਿੰਦ' ਬਣਾਂਗੇ
ਤੂੰ ਪਰਖੀਂ ਬੁਰੇ ਤੇ ਨੇਕ
ਨੀਂ ਧਰਤ ਪੰਜਾਬ ਦੀਏ...

*

**ਜ਼ਖ਼ਮੀ ਦਾਸਤਾਨ**

(ਪਾਸ਼ ਦੇ ਨਾਂ)

ਹੁਣੇ ਹੀ ਤੇਰੇ ਖੇਤਾਂ 'ਚੋਂ
ਪਰਤ ਕੇ ਆਏ ਹਾਂ।

ਤੇਰਾ ਪਿੰਡ, ਤੇਰੇ ਲੋਕ
ਤੇ ਨਕੋਦਰ ਤੋਂ ਕਪੂਰਥਲੇ ਨੂੰ ਜਾਂਦੀ ਸੜਕ
ਜੋ ਪਿੰਡ ਦੇ ਚੌਧਰੀਆਂ ਦੀ ਸਤਾਈ ਹੋਈ
ਕਿਸੇ ਵਿਧਵਾ ਵਾਂਗ ਲੱਗਦੀ ਹੈ
ਅਤੇ ਉਸ ਛੋਟੇ ਜਿਹੇ ਰਾਹ 'ਤੇ
ਲੱਗੇ ਸਫ਼ੈਦਿਆਂ ਦੇ ਰੁੱਖ
ਜੋ ਟਿਊਬਵੈੱਲ ਤੱਕ ਜਾਂਦੇ ਹਨ
ਸਭ ਉਦਾਸ ਹਨ
ਤੇਰੇ ਅਨਗਿਣਤ ਯਾਰਾਂ ਦੀ ਤਰ੍ਹਾਂ
ਕਿਸੇ ਲਾਵਾ ਫਟਣ ਤੋਂ
ਪਹਿਲਾਂ ਦੀ ਖ਼ਾਮੋਸ਼ੀ ਦੀ ਤਰ੍ਹਾਂ।

ਤੂੰ ਯਾਰਾਂ ਦਾ ਯਾਰ ਸੀ
ਜਦ ਵੀ ਕਦੀ
ਇਕੱਠੇ ਜੁੜ ਬਹਿੰਦੇ ਸਾਂ
ਤਾਂ ਵਕਤ ਰੁਕ ਜਾਂਦਾ ਸੀ।
ਲਖਵਿੰਦਰ (ਉੱਗੀ) ਨੂੰ ਪਹਿਲੀ ਵੇਰ
ਤੈਥੋਂ ਬਿਨਾਂ
ਇਕੱਲਾ ਤੇ ਉਦਾਸਿਆ ਤੱਕਿਆ
ਤੇ ਉਹ ਨੰਨ੍ਹੇ ਜਿਹੇ ਬੱਚੇ

ਜਿੰਨ੍ਹਾਂ ਨੂੰ ਤੂੰ ਅਤੇ ਤੇਰੀ ਬੀਵੀ
ਪੜ੍ਹਾਇਆ ਕਰਦੇ ਸੀ।

ਡਡਿਆਈਆਂ ਅੱਖੀਆਂ ਨਾਲ ਹਨ ਭਾਲਦੇ ਤੈਨੂੰ
ਜਦ ਉਹ ਵੱਡਿਆਂ ਹੋ ਕੇ
ਤੇਰੀਆਂ ਨਜ਼ਮਾਂ ਦੇ ਅਰਥ ਸਮਝਣਗੇ
ਤਾਂ ਤੇਰੀ ਅਣਹੋਂਦ
ਉਨ੍ਹਾਂ ਦੇ ਜ਼ਿਹਨ ਵਿਚ ਸੂਲਾਂ ਬਣ ਕੇ ਚੁਭੇਗੀ।

ਅੱਜ ਫੇਰ ਯਾਦ ਆਈਆਂ ਹਨ
ਮੰਗੂਵਾਲ ਵਿਚ ਬਿਤਾਈਆਂ ਰਾਤਾਂ
ਤੇ ਅਮਿਤੋਜ ਦੇ ਡੇਰੇ ਤੋਂ ਚਲ ਕੇ
ਕੇਵਲ ਕੌਰ ਦੇ ਘਰ ਪਹੁੰਚਣ ਤੱਕ
ਲਿਸ਼ਕਦੀ ਬਿਜਲੀ ਅਤੇ
ਵਰ੍ਹਦੇ ਮੀਂਹ ਵਿਚ ਕੀਤੀਆਂ ਖਰਮਸਤੀਆਂ।

ਦੋਸਤਾ!
ਹੁਣ ਤਾਂ ਤੇਰੇ ਬਹੁਤੇ ਦੁਸ਼ਮਣ ਵੀ
ਦੋਸਤ ਹੋਣ ਦਾ ਢੋਂਗ ਰਚਦੇ ਹਨ
ਤੇ ਦੋਸਤਾਂ ਕੋਲ
ਇਕ ਜ਼ਖ਼ਮੀ ਦਾਸਤਾਨ ਹੈ
ਜਾਂ ਤੇਰੀਆਂ ਨਜ਼ਮਾਂ ਦਾ ਸੁਨੇਹਾ
ਹਵਾ ਵਿਚ ਰਲ਼ ਗਈਆਂ ਹਨ
ਨਜ਼ਮਾਂ ਜੋ
ਮਿੱਟੀ ਦੀ ਖ਼ੁਸ਼ਬੋ ਬਣ ਕੇ
ਫਿਜ਼ਾ ਵਿਚ ਫ਼ੈਲ ਗਈਆਂ ਹਨ।

*

**ਖਾੜੀ ਦੀ ਜੰਗ**

ਨਿੱਕੀ ਬੱਚੀ

ਮੈਨੂੰ ਇਸ ਵਰ੍ਹੇ ਖਿਡਾਉਣੇ ਨਹੀਂ
ਮੇਰਾ ਬਾਪ ਚਾਹੀਦੈ
ਸੈਂਟਾ (ਕਲੌਜ) ਕੀ ਤੂੰ
ਮੇਰਾ ਪਿਤਾ ਵਾਪਸ ਲਿਆ ਸਕਦੈਂ?

ਪਤਨੀ

ਮੈਂ ਕਿਵੇਂ ਮੰਨਾਂ
ਕਿ ਜੰਗ ਖ਼ਤਮ ਹੋ ਗਈ
ਜਦ ਤੱਕ ਮੇਰਾ ਘਰ ਵਾਲਾ
ਮੇਰੀਆਂ ਬਾਹਾਂ 'ਚ ਨਹੀਂ ਆ ਜਾਂਦਾ।

ਮਾਂ

ਕੌਣ ਕਹਿੰਦੈ :
ਕਿ ਲੜਾਈ ਮੁੱਕ ਗਈ ਹੈ
ਮੇਰੇ ਪੁੱਤ ਨੇ ਤਾਂ ਆ ਕੇ
ਅਜੇ ਤੱਕ ਬੂਹਾ ਨਹੀਂ ਖੜਕਾਇਆ।

ਹਮਲਾਵਰ

ਦੂਰ ਤੱਕ ਫ਼ੈਲੇ ਹੋਏ ਟਿੱਬੇ
ਮਨੁੱਖੀ ਮਾਸ ਦੀਆਂ
ਬੋਟੀਆਂ ਨਾਲ ਭਰੇ ਪਏ

ਮਸਜਿਦਾਂ ਅਤੇ ਗਿਰਜਾ ਘਰਾਂ ਦੀਆਂ
ਛੱਤਾਂ ਤੀਲ੍ਹਾ ਤੀਲ੍ਹਾ

ਇਕ ਕਹਿੰਦਾ :
ਸਾਡੀ ਲੜਾਈ ਮਨੁੱਖਤਾ ਦੀ

ਦੂਜਾ ਕਹੇ :
ਸਾਡੇ ਧਰਮ ਨੂੰ ਖ਼ਤਰਾ

ਮਨੁੱਖਤਾ ਦੀ ਅੱਖ ਵਿਚ
ਦੋਵੇਂ ਝੂਠੇ,
ਦੋਵੇਂ ਦੋਸ਼ੀ
ਦੋਵੇਂ ਹਮਲਾਵਰ।

*

**ਚਲੋ ਕੋਈ ਗੱਲ ਕਰੀਏ**

ਚਲੋ ਕੋਈ ਗੱਲ ਕਰੀਏ-
ਤਾਂ ਜੋ ਵਤਨ ਦੀ ਯਾਦ ਜਿਹੀ
ਸੁਗੰਧਿਤ ਹੋਵੇ
ਜੋ ਹਰ ਆਮ ਤੇ ਖ਼ਾਸ ਨਾਲ
ਸਬੰਧਤ ਹੋਵੇ
ਜੋ ਮਹਾਂ ਸ਼ਕਤੀਆਂ ਵੱਲੋਂ
ਸ਼ਾਂਤੀ ਦਾ ਖੇਖਣ ਨਾ ਹੋਵੇ
ਜਿਸ ਤੇ ਸਰਕਾਰੀ ਵਾਅਦਿਆਂ ਦੀ
ਪੋਚਵੀਂ ਭਾਸ਼ਾ ਦਾ ਲੇਪਣ ਨਾ ਹੋਵੇ।

ਚਲੋ ਕੋਈ ਗੱਲ ਕਰੀਏ-
ਜੋ 'ਵਾਈਟ ਹਾਊਸ' ਮੂਹਰੇ
ਭਿੱਖ ਮੰਗਦੇ
'ਕੈਪੀਟਲ ਹਿੱਲ' ਦੀਆਂ
ਪੌੜੀਆਂ 'ਤੇ ਸੁੱਤੇ
ਪਲਸੇਟੇ ਮਾਰਦੇ ਹਿੱਲਦੇ
ਜਾਂ 'ਹੋਮਲੈੱਸ ਸ਼ੈਲਟਰਾਂ' 'ਚ
ਤੂੜੀ ਵਾਂਗ ਤੁੰਨੇ
ਬੇਘਰੇ ਲੋਕਾਂ ਦੇ ਹਾਣ ਦੀ ਹੋਵੇ
ਜੋ 'ਦੋ ਮਹਾਂ ਪਾਖੰਡੀਆਂ ਦੀਆਂ,
ਅੰਦਰੂਨੀ ਸੰਧੀਆਂ ਨੂੰ ਜਾਣਦੀ ਹੋਵੇ।

ਚਲੋ ਕੋਈ ਗੱਲ ਕਰੀਏ-
ਜੋ ਜੰਗੀ ਕੈਦੀਆਂ ਦੇ ਮੂੰਹੋਂ
ਜ਼ਬਰਦਸਤੀ ਉਗਲਾਏ
ਭਾਸ਼ਣ ਦੀ ਟੇਪ ਨਾ ਹੋਵੇ

ਜਾਂ ਅਖ਼ਬਾਰ ਦੇ
ਪਹਿਲੇ ਸਫ਼ੇ ਦੀ ਸੁਰਖੀ ਲਈ
ਲਾਸ਼ਾਂ ਦੇ ਢੇਰ ਉੱਤੇ
ਸੰਪਾਦਕ ਦੇ ਮੂੰਹ 'ਚੋਂ ਡਿੱਗੀ
ਲਾਲ੍ਹ ਨਾ ਹੋਵੇ
ਜੋ ਸੋਕਿਆਂ ਝੱਖੜਾਂ ਕਾਰਨ
ਕਣਕ ਹੁੱਲੀ ਨਾ ਹੋਵੇ
ਜੋ ਲੋਕਾਂ ਲਈ ਮੋਇਆਂ ਦੀ ਯਾਦ ਨੂੰ
ਅਜੇ ਤੱਕ ਭੁੱਲੀ ਨਾ ਹੋਵੇ।

ਚਲੋ ਕੋਈ ਗੱਲ ਕਰੀਏ-
ਜੋ ਨਾਨਕ ਤੇ ਕਬੀਰ ਦੀ ਕਵਿਤਾ ਨੂੰ
ਜ਼ਹਿਰ ਵਿਚ ਭਿਉਂ ਕੇ
ਲੋਕਾਈ ਨੂੰ ਡੱਸਣ
ਤੇ ਖ਼ਾਲਸ ਝੂਠ ਦੀਆਂ ਉਲਟੀਆਂ ਕਰ ਕਰ
ਪਾਵਨ ਧਰਤ ਨੂੰ
ਭਰ ਰਹੇ ਕਿਲਕਾਰੀਆਂ ਮਾਰਦੇ ਹੱਸਣ।

ਚਲੋ ਕੋਈ ਗੱਲ ਕਰੀਏ-
ਬਲਦਾਂ ਦਿਆਂ ਗਲ੍ਹਾਂ 'ਚ ਟੁਣਕਦੀਆਂ
ਟੱਲੀਆਂ ਦੀ ਛਣਕਾਰ ਜਿਹੀ
ਆੜ 'ਚ ਵਗਦੇ ਪਾਣੀ ਦੀ
ਰਵਾਨੀ ਜਿਹੀ
ਅਸਮਾਨੀ ਬਿਜਲੀ ਦੀ ਰਫ਼ਤਾਰ ਜਿਹੀ
ਮਹਿਬੂਬ ਨੂੰ ਦਿੱਤੇ
ਪਹਿਲੇ ਚੁੰਮਣ ਜਿਹੀ
ਜਾਂ ਘਰ ਦੀ ਕੱਢੀ
ਪਹਿਲੇ ਤੋੜ ਦੀ ਸ਼ਰਾਬ ਜਿਹੀ।

ਚਲੋ ਕੋਈ ਗੱਲ ਕਰੀਏ-

ਜੋ ਸਰਕਾਰੀ ਇਨਾਮਾਂ ਲਈ

ਪੂਛ ਹਿਲਾਉਂਦੇ

ਸਤਾ ਬਦਲਦਿਆਂ ਹੀ

ਗਿਰਗਿਟ ਵਾਂਗ ਰੰਗ ਵਟਾਉਂਦੇ

ਲੇਖਕਾਂ ਦਿਆਂ ਗਿੱਟਿਆਂ 'ਚ ਵੱਜੇ

ਜਿਸ ਨੂੰ ਕੰਧਾਂ ਦੇ

ਕੰਨ ਹੋਣ ਦਾ ਡਰ ਨਾ ਹੋਵੇ

ਜੋ ਆਪਣੇ ਪੇਂਡੂ ਲਹਿਜੇ ਕਾਰਨ

ਅਖੌਤੀ ਬੁੱਧੀਜੀਵੀਆਂ ਸਾਹਵੇਂ

ਸ਼ਰਮਸਾਰ ਨਾ ਹੋਵੇ

ਜੋ ਰੰਗ ਤੇ ਨਸਲ ਤੋਂ ਉੱਚੀ ਹੋਵੇ

ਜੋ ਪਹਿਲੀ ਮੁਹੱਬਤ ਵਾਂਗ

ਨਿਰਛਲ ਤੇ ਸੁੱਚੀ ਹੋਵੇ।

ਚਲੋ ਕੋਈ ਗੱਲ ਕਰੀਏ-

ਫ਼ੈਜ਼ ਅਹਿਮਦ ਫ਼ੈਜ਼ ਦਿਆਂ ਸ਼ੇਅਰਾਂ ਜਿਹੀ

ਸਾਹਿਰ ਲੁਧਿਆਣਵੀ ਦੀ ਨਜ਼ਰ ਵਰਗੀ

ਸੰਤ ਰਾਮ ਉਦਾਸੀ ਦੀ ਹੇਕ ਜਿਹੀ

ਪਾਸ਼ ਦਿਆਂ ਬਿੰਬਾਂ ਵਰਗੀ

ਗੱਲ ਜੋ

ਸਿਰਫ਼ ਗੱਲ ਹੀ ਨਾ ਹੋਵੇ

ਸਗੋਂ—

ਗੱਲਾਂ ਦਾ ਹੱਲ ਵੀ ਹੋਵੇ।

* ਇਹ ਕਵਿਤਾ ਰੂਸ ਦੇ ਟੁਕੜੇ ਹੋਣ ਤੋਂ ਪਹਿਲਾਂ ਲਿਖੀ ਗਈ ਸੀ।

*

**ਬਿਖਰਿਆ ਮਨੁੱਖ**

ਵਰ੍ਹੇ ਭਰ ਦੇ ਬਿਖਰੇ ਸੁਪਨਿਆਂ ਨੂੰ
ਇਕੱਠੇ ਕਰਦਾ ਕਰਦਾ
ਉਹ ਖ਼ੁਦ ਬਿਖਰ ਗਿਆ ਹੈ।

ਵਿਸਾਖੀ ਤਾਂ ਉਹ ਐਤਕੀਂ ਵੀ
ਚਾਵਾਂ ਨਾਲ ਹੀ ਜਾਂਦਾ
ਜੇ ਕਿਤੇ ਗੜਿਆਂ ਦੀ ਅਛੋਪਲੀ ਮਾਰ
ਝੂੰਮਦੀਆਂ ਕਣਕਾਂ ਨੂੰ
ਮੁੰਡਨ ਕਰਾਏ ਬੱਚੇ ਦੇ ਸਿਰ ਵਾਂਗ
ਮੁੰਨ ਕੇ ਨਾ ਰੱਖ ਜਾਂਦੀ।

ਉਂਜ ਤਾਂ—
ਪੱਗ, ਝੱਗਾ ਤੇ ਚਾਦਰਾ ਨਵੇਂ ਸਿੰਵਾ ਕੇ
ਮੇਲਾ ਦੇਖਣੇ ਦੀ ਰੀਝ
ਉਹਦੀ ਕਦੀ ਵੀ ਪੂਰੀ ਨਹੀਂ ਹੋਈ
ਪਰ ਨਿੱਕੇ ਪੁੱਤ ਨੂੰ
ਜ਼ਿਦ ਕਰ ਕੇ ਸੁਆਏ
ਕੱਪੜਿਆਂ 'ਚ ਲਿਪਟਿਆਂ ਤੱਕ ਕੇ
ਉਹਨੂੰ ਭੁੱਲ ਜਾਣੀਆਂ ਸਨ
ਤਨ ਨੂੰ ਕੱਜਦੀਆਂ ਲੀਰਾਂ।

ਹੁਣ ਤਾਂ ਉਹ ਮੇਲੇ ਵਿਚ
ਤੇਜੂ ਹਲਵਾਈ ਦੀ ਹੱਟੀ ਕੋਲੋਂ
ਜਲੇਬੀਆਂ ਦੀ ਮਹਿਕ ਲੈ ਕੇ ਹੀ
ਮੁੜ ਘਿੜ ਕੇ ਪਰਤ ਆਵੇਗਾ
ਮੈਲੀ ਜਿਹੀ ਝੱਗੀ ਦੇ ਬੋਝੇ ਵਿਚ
ਮੁਸ਼ਕ ਮਾਰਦੇ ਨੋਟ ਨੂੰ-

ਹੱਥਾਂ ਦੇ ਪੋਟਿਆਂ ਨਾਲ ਮਸਲਦਾ ਹੋਇਆ।

ਉਸ ਨੂੰ ਤਾਂ ਖ਼ਦਸ਼ਾ ਹੈ
ਕਿ ਪੈਲੀਆਂ 'ਚ ਪੈਰ ਧਰਨ ਤੱਕ
ਉਸ ਦਾ ਤਿੜਕਿਆ ਜੇਰਾ
ਕਿਤੇ ਜੁਆਬ ਹੀ ਨਾ ਦੇ ਜਾਵੇ।

ਵਿਸ਼ੇਸ਼ ਗਿਰਦੌਰੀਆਂ-
ਤੇ ਮੁਆਵਜ਼ੇ ਦੇ ਐਲਾਨ
ਉਹਦੇ ਪਾਰੇ ਵਾਂਗ ਡੋਲਦੇ ਮਨ ਨੂੰ
ਮਹਿਜ਼ ਬਕਵਾਸ ਲੱਗਦੇ ਹਨ
ਉਸ ਨੂੰ ਤਾਂ ਕੌੜਾ ਤਜ਼ੁਰਬਾ ਹੈ
ਕਿ ਮਾਲ ਮਹਿਕਮੇ ਤੋਂ ਚੱਲ ਕੇ
ਪਿੰਡ ਦੇ ਪਟਵਾਰੀ ਤੱਕ ਪੁੱਜਦੀ ਹੋਈ
ਇਹ ਨਿਗੂਣੀ ਜਿਹੀ ਰਕਮ
ਖ਼ੁਰ ਹੀ ਜਾਂਦੀ ਹੈ ਅਕਸਰ।

ਉਸ ਨੂੰ ਤਾਂ ਅੱਜ ਪਹਿਲੀ ਵੇਰ
ਦਰ ਦਰ ਤੋਂ ਰੋਟੀ ਮੰਗਦਾ ਜੁਗਿੰਦਰ ਭੰਗੀ
ਆਪਣਾ ਭਰਾ ਲੱਗਿਆ ਹੈ
ਵਰ੍ਹੇ ਭਰ ਦੇ ਬਿਖਰੇ ਸੁਪਨਿਆਂ ਨੂੰ
ਇਕੱਠੇ ਕਰਦਾ ਕਰਦਾ
ਉਹ ਖ਼ੁਦ ਬਿਖਰ ਗਿਆ ਹੈ।

*

**ਟੁੱਟਦੇ ਤਾਰੇ**

ਤਾਰਿਆਂ ਜੜੀ ਰਾਤੇ
ਟੁੱਟੀ ਜਿਹੀ ਮੰਜੀ 'ਤੇ ਪਈ ਮਾਂ
ਕਿਸੇ ਟੁੱਟ ਰਹੇ ਤਾਰੇ ਨੂੰ ਤੱਕ ਕੇ
ਅਕਸਰ ਤ੍ਰਭਕ ਜਾਂਦੀ ਹੈ
ਤੇ ਉੱਠ ਕੇ-
ਥੁੱਕਦੀ ਹੋਈ ਕਹਿੰਦੀ ਹੈ
ਬਹੁਤ ਬਦਸ਼ਗਨ ਹੈ ਰਾਤ
ਦੇਖੋ!
ਕੁੱਤੇ ਵੀ ਕੂਕ ਰਹੇ ਹਨ
ਇਹ ਜਦੋਂ ਵੀ ਰੋਂਦੇ ਨੇ
ਹਮੇਸ਼ਾ ਮੌਤ ਮੰਗਦੇ ਹਨ।

ਨਾ ਜਾਣੇ-
ਕਿੰਨਾ ਕੁਝ ਹੋਰ ਰਲ਼ ਕੇ
ਸਹਿਮ ਦੀ ਇਕ ਲੜੀ ਬਣ ਗਈ ਹੈ
ਜਿਸ ਦੀਆਂ ਗੰਢਾਂ
ਦਿਨੇ ਕੁਝ ਹੋਰ
ਤੇ ਰਾਤੀਂ ਕੁਝ ਹੋਰ ਵਧ ਜਾਵਣ।

ਨਿੱਕੀ ਭੈਣ-
ਅਸਮਾਨੀ ਰੰਗੇ ਸੂਟ ਦੀ ਮੰਗ ਕਰਦੀ
ਹਰ ਰੋਜ਼ ਸਕੂਲੋਂ ਪਰਤ ਆਉਂਦੀ ਹੈ
ਹੰਝੂਆਂ ਨਾਲ
ਗਿੱਲੀਆਂ ਗੱਲ੍ਹਾਂ ਲੈ ਕੇ।

ਕਦੀ ਕਦੀ ਤਾਂ ਦਿਲ ਕਰਦਾ ਹੈ।
ਕਿ ਆਕਾਸ਼ ਦਾ ਰੰਗ ਵੀ ਤਾਂ

ਉਸ ਨੂੰ ਲੁੜੀਂਦੀ ਵਰਦੀ ਦੇ ਰੰਗ ਵਰਗਾ ਹੈ
ਕਿਉਂ ਨਾ ਉਸ ਨੂੰ ਪਾੜ ਕੇ
ਥਾਨਾਂ ਦੇ ਢੇਰ ਲਾ ਦੇਵਾਂ?

ਹੁਣ ਮਾਂ ਨੂੰ ਕਹਾਂਗਾ
ਕਿ ਕੁੱਤਿਆਂ ਦਾ ਰੋਣਾ
ਤੇ ਤਾਰਿਆਂ ਦਾ ਰੋਣਾ
ਬਦਸ਼ਗਨੀ ਨਹੀਂ ਮਾਏ
ਇਹ ਤਾਂ ਹਰ ਮਕਾਨ ਦੀ
ਛੱਤ ਉੱਪਰ ਟੁੱਟਦੇ ਹਨ
ਇਹਨੂੰ ਸਿਰਫ਼ ਤੂੰ ਹੀ ਨਹੀਂ
ਪਿੰਡ ਦੇ ਚੌਧਰੀ ਵੀ ਤੱਕਦੇ ਹਨ।

ਬਦਸ਼ਗਨ ਜੇ ਹੈ
ਤਾਂ ਸਿਰਫ਼-
ਜ਼ਿੰਦਗੀ ਦੀ ਬੇਸੁਰੀ ਤਰਜ਼ ਹੈ।

*

**ਜਨਮ ਦਿਨ**

ਫਰਕ ਤਾਂ ਕੁਝ ਨਹੀਂ ਸੀ ਪੈਣਾ
ਜੇ ਤੇਰੇ ਜਨਮ ਦਿਨ 'ਤੇ
ਇਹ ਨਜ਼ਮ ਲਿਖਣ ਦੀ ਬਜਾਇ
ਕੋਈ ਕੀਮਤੀ ਤੋਹਫ਼ਾ ਖ਼ਰੀਦ ਲੈਂਦਾ ਪਰ ਕਿਸੇ ਦੋਸਤ ਕੋਲੋਂ
ਫੜਿਆ ਹੁਧਾਰ ਨਾ ਮੁੜਨ ਤੇ
ਦੋਸਤੀ ਜ਼ਰੂਰ ਖੁੱਸ ਜਾਣੀ ਸੀ।

ਮੈਂ ਜਾਣਦਾ ਹਾਂ
ਮੇਰੇ ਇੰਜ ਕਰਨ ਨਾਲ
ਤੇਰੇ ਹੱਸਦੇ ਚਿਹਰੇ ਉੱਪਰ
ਡੂੰਘੀ ਖ਼ਾਮੋਸ਼ੀ ਫ਼ੈਲ ਜਾਵੇਗੀ
ਜੋ ਇਕ ਔਰਤ ਦੇ
ਅਰਮਾਨਾਂ ਦੀ ਦਾਸਤਾਨ
ਅਣਬੋਲਿਆਂ ਹੀ ਸੁਣਾਵੇਗੀ।

ਪਰ ਹਾਲੇ ਤਾਂ
ਤੇਰੇ ਜਨਮ ਦਿਨ ਜਿਹੀਆਂ
ਅਣਗਿਣਤ ਜਨਮ ਤਾਰੀਖਾਂ
ਥਾਣਿਆਂ ਤੇ ਹਸਪਤਾਲਾਂ ਦੇ
ਪੈਦਾਇਸ਼ੀ ਰਿਕਾਰਡ ਵਿਚ
ਜਕੜੀਆਂ ਪਈਆਂ ਹਨ
ਫਿਰ ਵੀ ਕੋਈ-
ਫ਼ਰਕ ਨਹੀਂ ਸੀ ਪੈਣਾ
ਜੇ ਕੈਲੰਡਰ 'ਤੇ ਸਾਲ
ਬਾਰਾਂ ਦੀ ਬਜਾਇ
ਤੇਰਾਂ ਮਹੀਨਿਆਂ ਦਾ ਹੁੰਦਾ।

ਸੱਜਣੀ-

ਰੁੱਤਾਂ ਦਾ ਗੇੜ ਤਾਂ ਇੰਜ ਹੀ ਚੱਲਣਾ ਸੀ

ਤੇ ਹਰ ਰੁੱਤ ਨੇ

ਹੱਥਾਂ ਵਿਚ ਹੱਥਕੜੀ ਲੈ ਕੇ

ਅਸਾਡਿਆਂ ਗੁੱਟਾਂ ਵੱਲ

ਸੀ ਵਧਦਿਆਂ ਰਹਿਣਾ।

ਅਜਬ ਇਤਫ਼ਾਕ ਹੈ

ਕਿ ਇਸ ਵਰ੍ਹੇ ਦਿਵਾਲੀ ਵੀ

ਸੱਤ ਨਵੰਬਰ ਨੂੰ ਆਈ ਹੈ

ਤੇ ਇੰਜ ਲੱਗਦਾ ਹੈ

ਜਿਵੇਂ ਚੁਤਰਫ਼ੀ ਫ਼ੈਲੀ ਰੌਸ਼ਨੀ

ਦੇ ਰਹੀ ਹੈ ਤੈਨੂੰ ਵਧਾਈ

ਪਰ ਤੇਰਾ ਇਹ ਕਹਿਣਾ-

ਕਿ ਮਨ ਦੀ ਤਸੱਲੀ ਲਈ

ਬਹੁਤ ਕਾਫ਼ੀ ਹੈ

ਬੱਸ! ਇਕ ਨਜ਼ਮ ਮੇਰੇ ਨਾਂ ਕਰਨਾ

ਕਿੰਨੀ ਤਲਖ਼ ਸੱਚਾਈ ਹੈ

ਫ਼ਰਕ ਤਾਂ ਕੁਝ ਨਹੀਂ ਸੀ ਪੈਣਾ।

*

**ਵਕਫ਼ਾ**

ਜੇ ਮੁਨਾਸਿਬ ਸਮਝੋ ਤਾਂ

ਤੁਹਾਡੇ ਨਾਂ ਲਿਖੀ

ਇਹ ਨਜ਼ਮ ਪੜ੍ਹ ਲੈਣੀ

ਕਿ ਤੁਹਾਡੀ ਅਤੇ ਸਾਡੀ ਜ਼ਿੰਦਗੀ 'ਚ

ਅਸਮਾਨ ਜੇਡ ਵਕਫ਼ਾ ਹੈ

ਤੇ ਏਸ ਵਕਫ਼ੇ 'ਚ

ਬਹੁਤ ਕੁਝ ਉੱਜੜਿਆ

ਬਹੁਤ ਕੁਝ ਵੱਸਿਆ ਹੈ।

ਪਾਥੀਆਂ ਦੀ ਅੱਗ ਉੱਤੇ

ਧਰੀ ਕਾੜ੍ਹਨੀ ਵਿਚ

ਦੋਧੀਆਂ ਤੋਂ ਬਚੇ

ਚੂਲੀ ਕੁ ਦੁੱਧ ਵਾਂਗ

ਅਸਾਡੀ ਜ਼ਿੰਦਗੀ ਵੀ

ਸਦੀਆਂ ਤੋਂ ਸੜ ਰਹੀ ਹੈ।

ਅਸੀਂ ਤਾਂ ਬਹੁਤ ਕੋਸ਼ਿਸ਼ ਕੀਤੀ

ਕਿ ਭੁੱਲ ਜਾਈਏ

ਤਫ਼ਤੀਸ਼ੀ ਕੇਂਦਰ ਦੇ ਜ਼ੁਲਮ ।

ਪਰ ਕੀ ਕਰੀਏ

ਜਦ ਚੰਦਰੀ ਪੂਰੇ ਦੀ ਵਾਅ ਵਗਦੀ ਹੈ

ਤਾਂ ਮੱਲੋ ਮੱਲੀ

ਅੱਖਾਂ ਸਾਹਵੇਂ ਆ ਜਾਂਦੀ ਹੈ

ਤਫ਼ਤੀਸ਼ੀ ਪੁਲਸੀਏ ਦੀ

ਘਿਨਾਉਣੀ ਜਿਹੀ ਬੂਥੀ।

ਅਸੀਂ ਮਹਿਬੂਬਾ ਨੂੰ

ਅੰਬਰਾਂ ਤੋਂ ਤਾਰੇ ਤੋੜ ਕੇ

ਮੀਢੀਆਂ ਵਿਚ ਜੜਨ ਦਾ

ਲੁਭਾਉਣਾ ਲਾਰਾ ਨਹੀਂ ਦਿੰਦੇ

ਅਸੀਂ ਤਾਂ ਤਾਰਿਆਂ ਦੀ ਛਾਵੇਂ

ਤੁਰਨ ਵਿਚ ਵਿਸ਼ਵਾਸ ਰੱਖਦੇ ਹਾਂ

ਅਸੀਂ ਤਾਂ ਪੰਛੀ ਦੇ ਬੋਟ ਦੀ

ਪਹਿਲੀ ਉਡਾਣ ਹਾਂ

ਜੋ ਉੱਡਦਾ ਹੈ,

ਡਿੱਗਦਾ ਹੈ ਤੇ ਫਿਰ ਉੱਡਦਾ ਹੈ

ਅਤੇ ਇੰਜ ਵਕਫ਼ਾ ਤੈਅ ਕਰਦਾ ਹੈ।

*

**ਖ਼ੁਦਕਸ਼ੀ ਦੇ ਆਰ-ਪਾਰ**

ਜ਼ਿੰਦਗੀ!

ਤੂੰ ਤੇ ਉਹ ਹੁਸੀਨਾ ਏਂ

ਜਿਹਦੇ ਹੁਸਨ ਨੂੰ ਮਾਨਣ ਲਈ

ਅਸੀਂ ਜਿਸਮ ਦੇ ਚੀਥੜੇ ਕਰਵਾਏ

ਦਹਿਸ਼ਤ ਦੇ ਕਾਲੇ ਦੌਰ ਅੰਦਰ ਵੀ

ਆਪਣੇ ਹਮਸਫ਼ਰਾਂ ਦੀਆਂ

ਲਾਸ਼ਾਂ 'ਤੇ ਰੋਣ ਦੀ ਥਾਵੇਂ

ਉਨ੍ਹਾਂ ਦੇ ਲਹੂ ਨੂੰ ਮੁੱਠੀ 'ਚ ਲੈ ਕੇ

ਤੇਰੇ ਮਸਤਕ ਤੇ ਟਿੱਕਾ ਲਾਉਣ ਦਾ

ਅਰਮਾਨ ਰੱਖਦੇ ਸਾਂ।

ਫਿਰ ਤੂੰ ਏਨੀ ਨਿਰਦਈ ਕਿਵੇਂ ਬਣ ਗਈ?

ਕਿ ਮਨ ਦੀ ਪੀੜਾ ਨੂੰ

ਸੁੰਗੇੜਨ ਦੀ ਥਾਵੇਂ

ਵਿੱਛੜਿਆਂ ਦੀ ਅੱਗ 'ਚ ਬਲਦੇ

ਅਹਿਰਨ 'ਤੇ ਪਏ ਮੇਰੇ ਮਨ ਉਪਰ

ਹੋਰ ਸੱਟ ਮਾਰੇਂਗੀ

ਮੈਂ ਤਾਂ ਕਦੇ ਸੋਚਿਆ ਵੀ ਨਹੀਂ ਸੀ।

ਵਰ੍ਹਿਆਂ ਦੀ ਤਨਹਾਈ 'ਚੋਂ

ਮਾਂ ਦੇ ਨਾਂ ਲਿਖੀਆਂ ਚਿੱਠੀਆਂ

ਮੈਂ ਅੱਜ ਵੀ ਪੜ੍ਹੀਆਂ ਹਨ

ਜਿੰਨ੍ਹਾਂ 'ਚ ਸੀਖਾਂ ਨੂੰ ਤੋੜ ਕੇ

ਤੇਰੇ ਤੱਕ ਪਹੁੰਚਣ ਦਾ ਪਲ ਛਲਕਦਾ ਹੈ

ਤੈਨੂੰ ਤਾਂ ਅਸਾਂ

ਆਪਣੀ ਮਾਸ਼ੂਕ ਦਾ ਦਰਜਾ ਦਿੱਤਾ

ਫਿਰ ਤੂੰ ਹੀ ਦੱਸ
ਨਿੱਕੀਆਂ ਨਿੱਕੀਆਂ ਕਮਜ਼ੋਰੀਆਂ ਦਾ
ਫਾਇਦਾ ਉਠਾਂਦਿਆਂ
ਤੈਨੂੰ ਸ਼ਰਮ ਨਾ ਆਈ?

ਮੈਂ ਜੋ ਅੱਜ ਵੀ ਵਚਨ -ਬੱਧ ਹਾਂ
ਵਿੱਛੜੇ ਦੋਸਤ, ਜੁਝਾਰ ਕਵੀਆਂ ਦੀ
ਕਵਿਤਾ ਨੂੰ ਮਾਨਣ ਦਾ
ਭੂਗੋਲਿਕ ਦੂਰੀਆਂ 'ਤੇ ਬੈਠੇ
ਮਿੱਤਰਾਂ ਦੇ ਸਨੇਹ ਦਾ
ਪਿੰਡ ਦਿਆਂ ਖੇਤਾਂ 'ਚ
ਮਹਿਕਦੀਆਂ ਫ਼ਸਲਾਂ ਦਾ।
ਮੈਂ ਜੋ ਰਿਣੀ ਹਾਂ

ਬੀਵੀ ਤੇ ਪੁੱਤਰ ਦੀਆਂ ਅੱਖਾਂ 'ਚ ਵੱਸਦੇ
ਅਣਕਹੇ ਪਿਆਰ ਦੇ ਅਥਾਹ ਸਾਗਰ ਦਾ
ਮੈਂ ਇਹ ਰਿਣ ਉਤਾਰਾਂਗਾ
ਮੈਂ ਇਹ ਸਨੇਹ ਪਾਲਾਂਗਾ
ਮੀਲਾਂ ਤੱਕ ਫ਼ੈਲੇ
ਪੁਲਾਂ ਦੀਆਂ ਉਚਾਈਆਂ
ਤੇ ਦਰਿਆਵਾਂ ਦੇ ਅਸੀਮ ਪਾਣੀ
ਇਸ ਅੱਗੇ ਹਾਰ ਚੁੱਕੇ ਹਨ।

ਹੇ ਜ਼ਿੰਦਗੀ!
ਤੈਨੂੰ ਮੈਥੋਂ ਰੁੱਸ ਕੇ ਕੁਝ ਨਹੀਂ ਮਿਲਣਾ
ਤੂੰ ਹੱਸਦੀ ਆਵੀਂ
ਜਦੋਂ ਵੀ ਜੀਅ ਚਾਹਵੇਂ
ਮੈਂ ਹਾਜ਼ਰ ਹੋਵਾਂਗਾ।

*

**ਅਲਵਿਦਾ**

ਚਾਹਿਆ ਤਾਂ ਨਹੀਂ ਸੀ-
ਕਿ ਤੇਰੇ ਨਾਂ ਨਾਲੋਂ ਆਪਣਾ ਨਾਂ ਕੱਟ ਕੇ
ਅਲਵਿਦਾ ਕਹਿ ਦੇਈਏ
ਪਰ ਜਦ ਤੇਰੇ ਹਾਕਮਾਂ ਨੂੰ
ਰਾਜਧਾਨੀ ਦੇ ਰਾਜ ਭਵਨਾਂ 'ਚ
ਪੈਰਾਂ ਦੀ ਬਜਾਇ-
ਸਿਰ ਪਰਨੇ ਤੁਰਦਿਆਂ
ਤੱਕਿਆ ਤਾਂ ਅਕਲ ਦੀਆਂ ਬੂੰਦਾਂ
ਦਿਮਾਗ ਦੀ ਥਾਵੇਂ
ਗਿੱਟਿਆਂ 'ਚੋਂ ਟਪਕਦੀਆਂ ਤੱਕੀਆਂ
ਅਤੇ ਵਿਧਾਨ ਦੀ ਗੁੱਥੀ ਨੂੰ
ਚਿਉਂਗਮ ਵਾਂਗ
ਜਬਾੜ੍ਹੇ ਹੇਠਾਂ ਚੱਬਦਿਆਂ ਤੱਕਿਆ
ਤਾਂ ਜਾਣ ਲਿਆ ਸੀ
ਕਿ ਮੋਹ ਭੰਗ ਹੋਣ ਦਾ ਸਮਾਂ ਆਣ ਪੁੱਜਾ ਹੈ।

ਤੇਰੇ ਅਹਿ ਰੂਹਾਨੀ ਨੇਤਾ-
ਸ਼ਾਇਦ ਉਨ੍ਹਾਂ ਦੀਆਂ ਗਰਦਨਾਂ ਉੱਪਰ
ਤਾਂ ਸਿਰ ਹੋਣ ਈ ਨਹੀਂ
ਗੋਹੇ ਦੇ ਪਥੇਰ ਹਨ
ਜਿਸ ਵਿਚ ਕ੍ਰਿਆਤਮਕ ਸੋਚਣੀ ਨਹੀਂ
ਗੰਦਗੀ ਦੇ ਕੀੜੇ ਰੀਂਗਦੇ ਹਨ
ਜਿਸ ਦਾ ਵਪਾਰ ਉਹ
ਘਰ ਦੀਆਂ ਦਹਿਲੀਜ਼ਾਂ ਟੱਪ ਕੇ
ਦੇਸਾਂ ਪ੍ਰਦੇਸਾਂ ਤੱਕ ਕਰਦੇ ਹਨ।

ਚਾਹਿਆ ਤਾਂ ਨਹੀਂ ਸੀ

ਪਰ ਤੇਰੀਆਂ ਸਰਕਾਰੀ ਫ਼ਾਈਲਾਂ ਵਿਚ
ਅਸੀਂ ਖ਼ਤਰਨਾਕ ਮੁਜਰਿਮ ਜੋ ਠਹਿਰੇ
ਤੇ ਤੂੰ ਸਾਡੇ ਰਹਿਣ ਦਾ ਮੁਕਾਮ
ਹਵਾਲਾਤਾਂ ਅਤੇ ਥਾਣੇ ਹੀ ਨਿਯਤ ਕਰ ਦਿੱਤਾ
ਤੂੰ ਜਾਣਦਾ ਈ ਏਂ
ਕਿ ਮੁਨਸ਼ੀ ਦੇ ਕਮਰੇ 'ਚ ਲਟਕਦੇ
ਵੱਡੇ ਸਾਰੇ ਪੋਸਟਰ ਉੱਪਰ
ਦਸ ਨੰਬਰੀਆਂ ਦੀ ਫਹਿਰਿਸਤ ਦੇ ਨਾਲ
ਸਾਡਾ ਨਾਂ ਵੀ
ਕਿਵੇਂ ਘਰੋੜ ਘਰੋੜ ਕੇ ਲਿਖਿਆ ਹੈ।

ਤੇਰੇ ਪਾਲੇ ਹੋਏ ਪਾਲਤੂ ਆਲੋਚਕਾਂ ਨੂੰ
ਸਾਡੀਆਂ ਨਜ਼ਮਾਂ 'ਚੋਂ
ਬਗ਼ਾਵਤ ਹੀ ਬਗ਼ਾਵਤ ਨਜ਼ਰ ਆਈ
ਤਾਂ ਤੈਨੂੰ ਸੁਝਾਇਆ ਗਿਆ
ਕਿ ਕਲਮ ਦੀ ਨੋਕ ਤੋੜ ਦੇਵੋ
ਕਾਗ਼ਜ਼ ਦਾ ਇਕ ਇਕ ਟੁਕੜਾ ਜ਼ਬਤ ਕਰ ਲਵੋ
ਪਰ ਉਹ ਜਾਣਦੇ ਨਹੀਂ ਸੀ
ਕਿ ਸ਼ਿਅਰ ਤਾਂ ਅਸੀਂ
ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਵੀ
ਉੱਕਰ ਆਏ ਹਾਂ
ਉਨ੍ਹਾਂ ਦਾ ਕੀ ਕਰੋਗੇ?

ਚਾਹਿਆ ਤਾਂ ਨਹੀਂ ਸੀ
ਪਰ ਇਹ ਸਭ ਕੁਝ ਤੱਕਣ ਬਾਅਦ
ਅਸਾਂ ਫ਼ੈਸਲਾ ਕੀਤਾ
ਕਿ ਤੇਰੇ ਨਾਂ ਨਾਲ ਸਾਡਾ ਨਾਂ ਜੁੜਨਾ
ਕਦਾਚਿਤ ਵੀ ਸ਼ੋਭਾ ਨਹੀਂ ਦਿੰਦਾ।

*

**ਅਸੀਂ ਕੁਝ ਵੀ ਨਹੀਂ**

ਮੇਰੇ ਵਤਨ ਦੇ ਲੋਕੋ।
ਅਸੀਂ ਕੁਝ ਵੀ ਨਹੀਂ।

ਬੱਸ! ਪਿੱਛੇ ਰਹਿ ਗਈ
ਤੇ ਏਥੇ ਜਨਮੀ
ਦੋ ਪੀੜ੍ਹੀਆਂ ਵਿਚਕਾਰਲਾ ਦੁਖਾਂਤ ਹਾਂ
ਜਿਸ ਨੂੰ ਤਿਲ ਤਿਲ ਕਰਕੇ ਭੋਗਣਾ
ਸਾਡੇ ਹੀ ਜ਼ਿੰਮੇ ਆਇਆ ਹੈ।

ਡਾਲਰਾਂ ਦੇ ਰੁੱਖ 'ਤੇ ਪੁੱਠੇ ਲਟਕੇ
ਅਸੀਂ ਉਹ ਚਮਗਾਦੜ ਹਾਂ
ਜਿੰਨ੍ਹਾਂ ਨੂੰ ਧਰਤ ਦੀ ਛੋਹ
ਕਦੇ ਨਸੀਬ ਨਹੀਂ ਹੋਣੀ
ਜਾਂ ਫਿਰ ਢੇਰਾਂ 'ਤੇ ਉੱਗੀਆਂ
ਵੇਲਾਂ ਦੇ ਉਹ ਫ਼ਲ ਹਾਂ
ਜਿੰਨ੍ਹਾਂ ਨੂੰ ਹਾਂਡੀ ਵਿਚ ਭੁੱਜਣਾ
ਕਦੇ ਨਸੀਬ ਨਹੀਂ ਹੁੰਦਾ
ਜੋ ਹਰ ਬਰਸਾਤ ਵਿਚ
ਆਪੇ ਉੱਗਦੀਆਂ
ਫ਼ਲਦੀਆਂ ਤੇ ਸੁੱਕ ਜਾਂਦੀਆਂ ਹਨ।

ਅਸਾਡਾ ਸਵੈ-ਮਾਣ ਤਾਂ
ਉਸੇ ਪਲ ਹੀ ਗ੍ਰਹਿਣਿਆਂ ਜਾਂਦਾ ਹੈ
ਜਦ ਦਸਵੰਧ ਦੀ ਭਾਲ ਵਿਚ
ਹਵਾਈ ਅੱਡੇ ਦੇ ਕਸਟਮ ਅਧਿਕਾਰੀ
ਕੁੱਕੜਾਂ ਦੇ ਗੰਦਗੀ ਨੂੰ ਫਰੋਲਣ ਵਾਂਗ

ਸਾਡੇ ਅਸਬਾਬ ਨੂੰ
ਪੱਤ ਪੱਤ ਕਰਕੇ ਫ਼ਰਸ਼ 'ਤੇ ਬਖੇਰ ਦਿੰਦੇ ਹਨ।

ਸਾਡੀ ਵਤਨ ਫੇਰੀ ਤੇ
ਓਪਰੀ ਚਮਕ ਨੂੰ ਤੱਕ ਕੇ
ਤੁਸੀਂ ਅਚੰਭਿਤ ਨਾ ਹੋਣਾ
ਕਿਉਂਕਿ ਇਸ ਥੱਲੇ ਜੰਮੀ
ਮੁੜ੍ਹਕੇ ਦੀ ਕਹਾਣੀ
ਬਹੁਤ ਹੀ ਦਰਦਨਾਕ ਹੈ।

ਜਿਸ ਦੇ ਪਾਤਰ-
ਘੰਟਿਆਂ ਬੱਧੀ 'ਬੇਬੀ ਸਿੱਟਰਜ਼' ਕੋਲ ਰੁਲਦੇ
ਸਾਡੇ ਬੱਚੇ
ਤੇ ਤੜਪਦੀ ਹੋਈ ਮਮਤਾ
ਸੀਨਿਆਂ 'ਚ ਲੈ ਕੇ
ਬਰਾਬਰ ਕੰਮ ਕਰਦੀਆਂ ਸਾਡੀਆਂ ਬੀਵੀਆਂ ਹਨ।

ਉਹ ਕੋਈ ਹੋਰ ਹਨ
ਜੋ 'ਪ੍ਰਚਾਰਕ ਜਥਿਆਂ', 'ਬਿਜ਼ਨਿਸ ਟਰਿੱਪਾਂ'
ਅਤੇ ਫ਼ਿਲਮੀ ਅਦਾਕਾਰਾਂ ਵਾਂਗ ਆ ਕੇ
ਕੁਝ ਹੀ ਦਿਨਾਂ 'ਚ ਮਾਲਾ ਮਾਲ ਹੋ
ਵਾਪਸ ਪਰਤ ਜਾਂਦੇ ਹਨ।

ਪਸ਼ੂ, ਪੰਛੀ ਵੀ ਜਿਸ ਘੜੀ
ਨੀਂਦ ਵਿਚ ਲੁਪਤ ਹੁੰਦੇ ਹਨ
ਉਸ ਵਕਤ ਅਸੀਂ ਜਾਗਦੇ ਹਾਂ
ਜਾਂ ਹਨ੍ਹੇਰੇ ਦੀ ਹਿੱਕ ਚੀਰਦੀਆਂ
ਸ਼ਹਿਰ ਅਤੇ ਸੜਕਾਂ ਦਿਆਂ
ਕੰਢਿਆਂ 'ਤੇ ਜਗਦੀਆਂ

ਬੇ ਸ਼ੁਮਾਰ ਬੱਤੀਆਂ

ਜਾਗਦੀਆਂ ਹਨ।

ਅਸੀਂ ਤਾਂ ਉਹ ਬਦਨਸੀਬ ਹਾਂ

ਜਿੰਨ੍ਹਾਂ 'ਚੋਂ ਬਹੁਤਿਆਂ ਨੂੰ

ਮਾਂ ਦੀ ਅਰਥੀ ਨੂੰ ਵੀ

ਮੋਢਾ ਦੇਣਾ ਨਸੀਬ ਨਹੀਂ ਹੁੰਦਾ।

ਮੇਰੇ ਵਤਨ ਦੇ ਲੋਕੋ !

ਅਸੀਂ ਕੁਝ ਵੀ ਨਹੀਂ।

*

**ਅਸਾਡੇ ਪਰਤਣ ਤੱਕ**

ਬਹੁਤ ਕੁਝ ਬਦਲ ਜਾਏਗਾ
ਸਾਡੇ ਪਰਤਣ ਤੱਕ।

ਕੱਚਿਆਂ ਰਾਹਾਂ 'ਚ
ਧੂੜ ਉਡਾਉਂਦੇ
ਡੰਗਰਾਂ ਨੂੰ ਹਿੱਕਦੇ
ਨਿੱਕੇ ਨਿੱਕੇ ਜੁਆਕ
ਮੁੱਛ ਫੁੱਟੇ ਗੱਭਰੂ ਬਣ ਚੁੱਕੇ ਹੋਣਗੇ।

ਸੂਰਜ ਨਿਕਲਦਿਆਂ ਹੀ
ਤਾਜ਼ੀਆਂ ਖ਼ਬਰਾਂ ਸੁਣਨ ਲਈ
ਪਿੰਡ ਦੇ ਦਰਵਾਜ਼ੇ ਆ ਖੜ੍ਹਨ ਵਾਲਾ
ਚੰਨਣ ਸਿਹੁੰ ਅਮਲੀ
ਬਿਨ ਬੁਲਾਏ ਪੁਲਸੀਆਂ ਦੇ
ਬੇਹੂਦਾ ਸੁਆਲਾਂ ਤੋਂ ਡਰਦਾ
ਬੈਠਾ ਰਹਿੰਦਾ ਹੋਏਗਾ
ਖੇਸੀ ਦੀ ਬੁੱਕਲ ਮਾਰ
ਹਵੇਲੀ ਦੀ ਕਿਸੇ ਨੁੱਕਰੇ।

ਬਜ਼ੁਰਗ ਔਰਤਾਂ
ਘਰ ਵਿਚ ਹੀ ਬੇਗਾਨੇ ਬਣੇ
ਤੇ ਪ੍ਰਦੇਸਾਂ 'ਚ ਵੱਸਦੇ ਪੁੱਤਰਾਂ ਦੀ
ਸੁੱਖ ਮੰਗਦੀਆਂ ਮੰਗਦੀਆਂ
ਗਿਣ ਰਹੀਆਂ ਹੋਣਗੀਆਂ
ਜ਼ਿੰਦਗੀ ਦੇ ਆਖ਼ਰੀ ਸਾਹ।

ਤਿਰਕਾਲਾਂ ਨੂੰ ਪੱਠੇ ਦੱਥੇ ਤੋਂ ਵਿਹਲੇ ਹੋ
ਵਾਹਣਾਂ ਵਿਚ ਕੋਡ-ਕਬੱਡੀ ਖੇਲ੍ਹਣਾ
ਤੇ ਚਾਨਣੀਆਂ ਰਾਤਾਂ ਵਿਚ
ਉੱਚੀਆਂ ਹੇਕਾਂ ਲਾਉਂਦਿਆਂ
ਪੈਲੀਆਂ ਨੂੰ ਪਾਣੀ ਲਾਉਣਾ
ਏਧਰਲੀਆਂ ਓਧਰਲੀਆਂ
ਖੱਟੀਆਂ ਮਿੱਠੀਆਂ ਸੁਨਣ ਲਈ
ਦਾਣੇ ਭੁੰਨਾਉਣ ਦੇ ਬਹਾਨੇ
ਦੇਰ ਰਾਤ ਤੱਕ
ਭੱਠੀ ਦੁਆਲੇ ਜੁੜ ਬੈਠਣਾ
ਤਾਂ ਸ਼ਾਇਦ ਹੁਣ
ਸੁਪਨਾ ਹੀ ਬਣ ਗਿਆ ਹੋਵੇਗਾ।

ਬਹੁਤ ਕੁਝ ਬਦਲ ਜਾਵੇਗਾ
ਅਸਾਡੇ ਪਰਤਣ ਤੀਕਰ।

*

**ਬੇਘਰੇ**

(ਅਮਰੀਕਨ ਬੇਘਰਿਆਂ ਦੇ ਨਾਂ)

ਇਨਕਾਰ ਤਾਂ ਨਹੀਂ ਕਰਦੇ
ਪਰ ਕਦੀ ਕਦੀ ਸ਼ੱਕ ਹੋ ਜਾਂਦਾ ਹੈ
ਕਿ ਅਸੀਂ—
ਦੁਨੀਆਂ ਦੇ ਸਭ ਤੋਂ ਸੱਭਿਆ ਤੇ ਅਮੀਰ
ਮੁਲਕ ਦੇ ਬਾਸ਼ਿੰਦੇ ਹਾਂ?
ਮੁਲਕ ਜੋ—
ਜਦੋਂ ਵੀ ਜੀਅ ਚਾਹਵੇ
ਕਿਸੇ ਵੀ ਚਿੜੀ-ਮੁਲਕ ਨੂੰ
ਆਪਣੇ ਬਾਜ਼ ਪੰਜੇ ਵਿਚ
ਜਕੜ ਕੇ ਮਰੋੜ ਸਕਦਾ ਹੈ।

ਇਜ਼ਰਾਈਲੀ ਹੋਵਣ ਜਾਂ ਫ਼ਲਸਤੀਨੀ
ਅਰਬੀ ਹੋਵਣ ਜਾਂ ਲਾਤੀਨੀ
ਕੀ ਫ਼ਰਕ ਪੈਂਦਾ ਹੈ?
ਆਪਸ ਵਿਚ ਵੰਡੀਆਂ ਪਾ ਕੇ
ਤੇ ਫਿਰ-
ਇਕ ਦੂਜੇ ਦੀਆਂ ਗਰਦਨਾਂ ਲਾਹ ਕੇ
ਜਦ ਭੋਲੇ ਭਾਲੇ ਲੋਕ
ਸੜਕਾਂ 'ਤੇ ਆਉਂਦੇ ਹਨ
ਤਾਂ ਯੂ.ਐਨ.ਓ. ਦਾ ਇਹ ਪਲੇਠਾ ਪੁੱਤਰ
ਬੜਾ ਈ ਖ਼ੁਸ਼ ਹੁੰਦੈ
'ਜਮਹੂਰੀਅਤ', 'ਮਨੁੱਖੀ ਕਦਰਾਂ'
ਤੇ ਕਦੀ 'ਅਮਨ' ਦੀ ਬਹਾਲੀ
ਇਹਦੇ ਸੁੱਚੇ ਕਰਮ ਹੋਵਣ।

ਕਦੀ ਕਦੀ ਤਾਂ ਇੰਜ ਲੱਗਦਾ ਹੈ

ਕਿ ਅਸੀਂ-

ਅਬਰਾਹਮ ਲਿੰਕਨ ਦੀਆਂ

ਸੁੱਤੀਆਂ ਹੋਈਆਂ ਸੁਪਨੇ ਲੈਂਦੀਆਂ

ਅੱਖਾਂ ਵਿਚ ਆਈ ਹੋਈ ਗਿੱਡ ਹਾਂ

ਤੇ ਥਾਮਸ ਜੈਫਰਸਨ ਦੀਆਂ

ਵਿਧਾਨ ਘੜਨੀਆਂ ਕਿਤਾਬਾਂ ਉਪਰ

ਜੰਮੀ ਹੋਈ ਧੂੜ ਹਾਂ

ਜਾਂ ਫਿਰ ਏਕੜਾਂ ਵਿਚ ਫੈਲੇ

ਰੋਨਾਲਡ ਰੀਗਨ ਦੇ ਰੈਂਚ ਵਿਚ

ਚੁਗ ਰਹੇ ਘੋੜਿਆਂ ਦੀ ਲਿੱਦ ਹਾਂ

ਜਿਸ ਉਪਰ ਰੀਂਗਦੇ ਕੀੜੇ ਤਾਂ

ਢਿੱਡ ਭਰ ਸਕਦੇ ਹਨ

ਪਰ ਸਾਡੇ ਪੇਟ ਲਈ ਗਰਾਹੀ ਨਹੀਂ।

ਤੇਜ਼ ਰਫ਼ਤਾਰ ਹਾਈਵੇਜ਼ ਉਪਰ

ਫਲੈਟ ਹੋਏ ਟਾਇਰ ਦੇ ਟੁਕੜਿਆਂ ਵਾਂਗ

ਹਰ ਲੰਘਦਾ ਵੜਦਾ

ਸਾਥੋਂ ਕੰਨੀਂ ਕਤਰਾਵੇ

ਮਤਾਂ ਉਨ੍ਹਾਂ ਦੀ ਰਫ਼ਤਾਰ ਵਿਚ

ਵਿਘਨ ਪੈ ਜਾਵੇ।

ਕਦੀ ਕਦੀ ਤਾਂ ਇੰਜ ਲੱਗਦਾ ਹੈ

ਕਿ ਅਸੀਂ-

ਛੁੱਟੀਆਂ ਮਨਾਉਂਦੇ ਜੌਰਜ ਬੁਸ਼ ਦੀ

ਫਿਸ਼ ਸਟਿੱਕ ਵਿਚ

ਟੰਗੇ ਹੋਏ ਗੰਡੋਏ ਹਾਂ

ਜਿੰਨ੍ਹਾਂ ਦੀ ਹੋਂਦ

ਮੱਛੀ ਦੇ ਵਸਣ ਤੱਕ ਹੀ ਨਿਸ਼ਚਿਤ ਹੈ।
ਜਾਂ ਫਿਰ-
ਪਰਬਾਂ ਡਾਲਰਾਂ ਨਾਲ ਤਿਆਰ ਕੀਤੇ
ਰਾਕਟਾਂ ਅਤੇ ਸਪੇਸ ਸ਼ਟਲਾਂ ਦੇ
ਪਿੱਛੇ ਰਹਿ ਗਈ ਧੂੰਏਂ ਦੀ ਲਕੀਰ ਹਾਂ
ਜਾਂ ਫਿਰ-
ਰਾਜਧਾਨੀ ਦੀ ਧੁੰਨੀ 'ਚ ਬਣੇ
ਵਾਈਟ ਹਾਊਸ ਨੂੰ ਦੇਖਣ ਆਉਂਦੇ
ਸੈਲਾਨੀਆਂ ਦੀਆਂ ਅੱਖਾਂ ਵਿਚਲੀ
ਖ਼ਚਰੀ ਮੁਸਕਾਨ ਹਾਂ।

ਜਾਂ ਫਿਰ-

ਕਦੀ ਕਦੀ ਟੀ.ਵੀ. ਪੱਤਰਕਾਰਾਂ ਲਈ
ਕਵਰ ਸਟੋਰੀ ਬਣ ਜਾਈਏ।
ਕੰਮ ਲਈ ਅਰਜ਼ੀ ਭਰਦਿਆਂ
ਜਦ ਸਾਡੀ ਕਲਮ
'ਪੱਕਾ ਪਤਾ ਤੇ ਟੈਲੀਫ਼ੋਨ ਨੰਬਰ'
ਵਾਲੇ ਕਾਲਮ ਤੇ ਪੁੱਜਦੀ ਹੈ
ਤਾਂ ਸਾਨੂੰ ਇਕੋ ਗੱਲ ਸੁੱਝਦੀ ਹੈ
ਕਿ ਕਾਗ਼ਜ਼ ਦੇ ਇਸ ਟੁਕੜੇ ਦਾ
ਜਹਾਜ਼ ਬਣਾ ਕੇ ਮਾਲਕ ਦੇ ਮੂੰਹ 'ਤੇ ਚਲਾ ਦੇਈਏ
ਤੇ ਫਿਰ ਆਪ ਮੁੜ ਭਟਕਣ ਲਈ
ਗਲੀ ਦੀ ਕਿਸੇ ਨੁੱਕਰੇ
ਡੇਰਾ ਲਾ ਲਈਏ।

ਇਨਕਾਰ ਤਾਂ ਨਹੀਂ ਕਰਦੇ
ਪਰ ਕਦੀ ਕਦੀ ਸ਼ੱਕ ਹੋ ਜਾਂਦਾ ਹੈ...

*

**ਜੌਰਜ**

ਉਹ ਕਿਸੇ ਮੁਲਕ ਦਾ ਪ੍ਰਧਾਨ ਨਹੀਂ
ਨਾ ਹੀ ਕਿਸੇ ਕੰਪਨੀ ਦਾ
ਮਾਲਕ ਜਾਂ ਬੌਸ ਹੈ
ਉਹ ਤਾਂ ਏਥੇ ਹੀ
'ਪਾਈਕ ਪਾਰਕ ਪਲਾਜ਼ਾ' ਵਿਚ
ਖਿਲਰੇ ਹੋਏ ਕਾਗਜ਼ ਦੇ ਟੁਕੜਿਆਂ
ਤੇ ਹੋਰ ਨਿੱਕ-ਸੁੱਕ ਨੂੰ
ਇਕੱਠੇ ਕਰਦਾ ਕਰਦਾ
'ਸ਼ਾਪਿੰਗ ਕਾਰਟ' 'ਤੇ ਰੱਖੇ ਫਰੈੱਸ਼ ਕੈਨ ਵਿਚ ਭਰ ਕੇ
ਦਿਉ ਕੱਦ ਡੰਪਸਟਰ ਵਿਚ ਉਲੱਦ ਆਉਂਦਾ ਹੈ।
ਇਹੋ ਹੀ ਉਸ ਦੀ
ਰੋਜ਼ਾਨਾ ਦੀ ਜ਼ਿੰਦਗੀ ਹੈ।

ਜੌਰਜ ਇਕ ਕਸਟੋਡੀਅਨ ਹੈ
ਗੂੜ੍ਹੇ ਕਾਲੇ ਰੰਗ ਦੀ ਚਮੜੀ
ਅਣਧੋਤੇ ਪਰ ਤਹਿਜ਼ੀਬ ਨਾਲ ਪਹਿਨੇ
ਕੱਪੜੇ ਸਿਰ ਉੱਪਰ ਹੈਟ-
ਤੇ ਮੂੰਹ ਵਿਚ ਸਿਗਾਰ ਪਾਈ
ਉਹ ਹਰ ਲੰਘਦੇ ਵੜਦੇ ਨੂੰ
ਦੁਆ ਸਲਾਮ ਕਰਦਾ ਹੈ
ਉਮਰ ਦੇ ਸੱਤਵੇਂ ਦਹਾਕੇ 'ਚ ਵੀ
ਜਦ ਉਸ ਨੂੰ ਕੰਮ ਕਰਦਿਆਂ
ਅਤੇ ਮੜ੍ਹਕ ਨਾਲ ਤੁਰਦਿਆਂ ਤੱਕਦਾ ਹਾਂ
ਤਾਂ ਪੰਦਰਾਂ ਵਰ੍ਹੇ ਪਹਿਲਾਂ
ਕਪੂਰਥਲਾ ਜੇਲ੍ਹ 'ਚ ਕੰਮ ਕਰਦਾ
ਦੁਰਗਾ ਭੰਗੀ ਯਾਦ ਆਉਂਦਾ ਹੈ।

ਕਦੀ ਕਦੀ ਉਹ-

ਹਲਕੀ ਜਿਹੀ ਸ਼ਿਕਾਇਤ ਕਰਦਾ ਹੈ

'ਤੈਨੂੰ ਪਤਾ ਕੁਝ ਲੋਕ ਬਹੁਤ ਸੁਸਤ ਹਨ

ਉਹ ਗੰਦ ਮੰਦ ਨੂੰ-

ਟਰੈਸ਼ ਕੈਨ 'ਚ ਸੁੱਟਣ ਦੀ ਥਾਵੇਂ

ਏਧਰ ਓਧਰ ਖਿਲਾਰ ਦਿੰਦੇ ਹਨ।'

ਉਹ ਬਹੁਤ ਭੋਲਾ ਹੈ

ਜੰਗਲੀ ਕਬੂਤਰ ਜਿਹਾ

ਤੇ ਇਕੱਲਾ ਵੀ

ਉਹ ਦੱਸਦਾ ਹੈ—

ਜ਼ਿੰਦਗੀ 'ਚ ਸਿਗਾਰ ਤੋਂ ਬਿਨਾਂ

ਉਹਨੇ ਕਦੇ ਕੋਈ ਨਸ਼ਾ ਨਹੀਂ ਕੀਤਾ

ਮੁੱਦਤ ਹੋਈ ਉਸ ਦੀ ਬੀਵੀ

ਕਿੱਧਰੇ ਤੁਰ ਗਈ ਤੇ ਮੁੜ ਨਾ ਪਰਤੀ।

ਜੌਰਜ ਧਰਤੀ ਦਾ ਅਸਲੀ ਪੁੱਤਰ ਹੈ

ਜੌਰਜ ਮੇਰਾ ਚਹੇਤਾ ਹੈ।

*

**ਇਕ ਸਫ਼ਰ**

(ਕਮਲਜੀਤ ਦੇ ਨਾਂ)

ਸੇਂਟ ਲੁਈਸ ਦੇ ਹਵਾਈ ਅੱਡੇ 'ਤੇ ਬੈਠਿਆਂ
ਸ਼ੀਸ਼ੇ ਦੀਆਂ ਬਾਰੀਆਂ 'ਚੋਂ ਦਿਖ ਰਹੇ
ਨਿੱਕੇ ਨਿੱਕੇ ਬੱਦਲਾਂ ਦੇ ਟੋਟਿਆਂ ਦਾ ਉੱਡਣਾ
ਬਹੁਤ ਰੁਮਾਨੀ ਲੱਗ ਰਿਹਾ ਹੈ।

ਬੀਅਰ ਦੀਆਂ ਚੁਸਕੀਆਂ ਭਰਦੇ ਹੁਸੀਨ ਚਿਹਰੇ
ਮਾਹੌਲ ਨੂੰ ਦਿਲਕਸ਼ ਬਣਾ ਰਹੇ ਹਨ
ਪਰ ਮੈਂ ਭਟਕੇ ਰਾਹੀ ਵਾਂਗ—
ਬੇਚੈਨ ਬੈਠਾ ਹਾਂ?

ਹਰ ਲੰਘਦੇ ਆਦਮੀ 'ਚੋਂ
ਤੈਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹਾਂ
'ਲੌਰਲ' ਤੋਂ 'ਮਿਲਵੌਕੀ' ਤੱਕ ਦਾ ਇਹ ਸਫ਼ਰ
'ਜੱਗਾਂ' ਤੋਂ 'ਫਰੌਲ੍ਹੇ' ਵਿਚਕਾਰਲੇ ਪੈਂਡੇ ਦੀਆਂ
ਅਣਗਿਣਤ ਯਾਦਾਂ ਨੂੰ ਮੁੜ ਜ਼ਿਹਨ 'ਚ ਲਿਆਉਂਦਾ ਹੈ।

ਜਦੋਂ ਨਾ ਕੋਈ ਅਕੇਵਾਂ ਹੁੰਦਾ ਸੀ, ਨਾ ਥਕੇਵਾਂ
ਮੱਕੀ ਦਿਆਂ ਖੇਤਾਂ 'ਚ ਗੋਡੀ ਕਰਨਾ
ਤੇ ਮਿੱਟੀ ਦੀ ਖ਼ੁਸ਼ਬੋ ਨੂੰ
ਸਾਹਾਂ ਵਿਚ ਸਮੋ ਲੈਣਾ
ਉੱਚੀ ਉੱਚੀ ਹੱਸਦਿਆਂ-
ਫ਼ਸਲਾਂ ਦੇ ਨਾਲ ਗੱਲਾਂ ਕਰਨੀਆਂ
ਕਿੰਨੇ ਹੁਸੀਨ ਦਿਨ ਸਨ ਉਹ।

ਹੁਣ ਤਾਂ ਸੁਣਦੇ ਹਾਂ—

ਕਿ ਖੇਤਾਂ 'ਚੋਂ ਲਾਵਾਰਿਸ

ਲਾਸ਼ਾਂ ਦੀ ਬੋਅ ਆਉਂਦੀ ਹੈ

ਪਤਾ ਨਹੀਂ ਕਦ ਪਰਤਣਗੇ ਉਹ ਦਿਨ.?

ਬੱਸ! ਬੀਤੇ ਦੀਆਂ ਯਾਦਾਂ ਨੂੰ

ਯਾਦ ਕਰਦਾ ਹੋਇਆ

ਤੇਰੀ ਸਿਹਤਯਾਬੀ ਲਈ ਦੁਆ ਕਰਦਾ ਹਾਂ।

*

**ਵੇਸਵਾ**

ਜ਼ਖ਼ਮਾਂ ਦੀ ਇਬਾਰਤ ਨੂੰ
ਜਿਸਮ ਦੀ—
ਫੱਟੀ ਉਪਰ ਲਿਖ ਕੇ
ਹਰ ਰੋਜ਼ ਪੜ੍ਹਦੀ
ਤੇ ਮੇਟ ਸੁੱਟਦੀ ਹੈ

*

**ਪਰਵਾਸੀ**

ਦਾਣਿਆਂ ਦੇ ਬੋਹਲ ਉੱਤੇ
ਅੱਠਖੇਲੀਆਂ ਕਰਦੇ
ਚੁੰਝਾਂ ਭਰਦੇ-
ਖੰਭ ਝੜੇ ਪੰਛੀ ਹਨ।

*

**ਵਰਜਿਤ ਨਜ਼ਮਾਂ**

ਨਜ਼ਮਾਂ ਦੀ ਕੋਈ ਜ਼ਾਤ ਨਹੀਂ ਹੁੰਦੀ
ਧਰਮ ਨਹੀਂ ਹੁੰਦਾ
ਨਜ਼ਮਾਂ ਦਾ ਕੋਈ ਰੰਗ ਨਹੀਂ ਹੁੰਦਾ।
ਉਹ ਜਦੋਂ-
ਮੁਹੱਬਤ ਦੀ ਗੱਲ ਕਰਦੀਆਂ ਹਨ
ਮਿਸ਼ਰੀ ਦੀ ਡਲੀ ਬਣ ਜਾਵਣ
ਤੇ ਜਦੋਂ ਸੱਚ ਬੋਲਣ
ਕੌੜਾ ਅੱਕ ਬਣ ਜਾਵਣ।

ਨਜ਼ਮਾਂ ਤਾਂ ਸਾਹ ਹੁੰਦੀਆਂ ਹਨ
ਹਵਾ ਹੁੰਦੀਆਂ ਹਨ
ਖ਼ਲਾਅ 'ਚ ਉੱਡਦੇ ਬੀ ਹੁੰਦੀਆਂ ਹਨ
ਪਰ ਜਦ ਕਦੇ
ਬੀਵੀ ਜਾਂ ਖਾਵੰਦ ਦੀ ਇਜਾਜ਼ਤ ਤੋਂ ਬਿਨਾਂ
ਘਰ ਦੀਆਂ ਬਰੂਹਾਂ ਲੰਘ ਆਵਣ
ਲਾਅਨ 'ਚ ਉੱਗੇ ਘਾਹ ਤੇ ਫੁੱਲਾਂ ਨਾਲ
ਅੱਠਖੇਲੀਆਂ ਕਰਨ ਲੱਗ ਜਾਵਣ
ਤਾਂ ਵਰਜਿਤ ਕਹਾਵਣ।

ਨਜ਼ਮਾਂ ਕੁਰਸੀਆਂ ਨਹੀਂ ਹੁੰਦੀਆਂ
ਹਕੂਮਤਾਂ ਨਹੀਂ ਹੁੰਦੀਆਂ
ਤੇ ਨਾ ਹੀ ਨੇਤਾਵਾਂ ਦਾ ਭਾਸ਼ਨ ਹੁੰਦੀਆਂ ਹਨ
ਪਰ ਜਦੋਂ—
ਰਾਜਧਾਨੀਆਂ ਦੇ ਸ਼ਾਹੀ ਦਰਵਾਜ਼ਿਆਂ ਅੱਗੇ
ਪ੍ਰਸ਼ਨ ਚਿੰਨ ਬਣ ਜਾਣ
ਹਾਕਮਾਂ ਦੇ ਦਿਮਾਗਾਂ 'ਚ

ਸੂਲਾਂ ਬਣ ਕੇ ਚੁੱਭਣ ਲੱਗ ਜਾਣ

ਜਾਂ ਰਾਤਾਂ ਦੀ ਨੀਂਦ ਚੱਟ ਜਾਣ

ਤਾਂ ਇਹ ਵਰਜਿਤ ਕਹਾਉਣ ।

ਨਜ਼ਮਾਂ ਮੰਦਰਾਂ ਮਸੀਤਾਂ ਨੂੰ

ਢਾਉਣ, ਨਾ ਬਣਾਉਣ

ਨਾ ਜਾਪ ਕਰਨ, ਨਾ ਕਰਨੋਂ ਹਟਾਵਣ

ਪਰ ਜਦੋਂ—

ਨ੍ਹੇਰੀਆਂ ਰਾਤਾਂ ਵਿਚ

ਸ਼ਰੀਅਤ ਦੇ ਰਖਵਾਲੇ

ਅੱਗ ਦੀ ਖੇਡ ਖੇਡਣ

ਤਾਂ ਉਹ ਲੋਕਾਂ ਦੀ ਉਂਗਲ ਫੜ ਸੇਧ ਦੇਵਣ

ਤੇ ਸੂਰਜ ਦੀਆਂ ਧੀਆਂ ਬਣ ਕੇ

ਮੈਦਾਨ ਵਿਚ ਆਉਣ

ਤੇ ਵਰਜਿਤ ਕਹਾਉਣ...।

*

## ਗੀਤ

ਇਹ ਕਿਹੀਆਂ ਰੁੱਤਾਂ ਆਈਆਂ

ਵੇ ਲੋਕਾ!

ਇਹ ਕਿਹੀਆਂ ਰੁੱਤਾਂ ਆਈਆਂ!

ਅੱਖੀਆਂ ਵਿਚੋਂ ਸੁੱਕ ਗਏ ਹੰਝੂ

ਇਹ ਜ਼ਿੰਦਗਾਨੀ ਕੀਕਣ ਲੰਘੂ

ਸਾਂਝਾਂ ਤੇ ਮੁਸਕਾਨਾਂ ਦੋਵੇਂ-

ਗਈਆਂ ਨੇ ਨਜ਼ਰਾਈਆਂ,

ਵੇ ਲੋਕਾ!

ਇਹ ਕਿਹੀਆਂ ਰੁੱਤਾਂ ਆਈਆਂ!

ਉਹ ਜੰਗ ਭਲਾ ਕਾਹਦੀ ਹੋਈ

ਜਿਸ ਨੂੰ ਜਿੱਤ ਨਾ ਸਕਿਆ ਕੋਈ

ਸੌ ਸੌ ਪੁੱਤ ਮਰਵਾਉਣ ਤੋਂ ਪਿਛੋਂ

ਹਾਰਾਂ ਹੀ ਹੱਥੀਂ ਆਈਆਂ,

ਵੇ ਲੋਕਾ!

ਇਹ ਕਿਹੀਆਂ ਰੁੱਤਾਂ ਆਈਆਂ!

ਜ਼ਖ਼ਮਾਂ ਦੀ ਬਰਸਾਤ ਚੁਫੇਰੇ

ਦਹਿਸ਼ਤ ਲਾਈ ਬੈਠੀ ਡੇਰੇ

ਬੁੱਲ੍ਹਾਂ ਉਪਰ ਹਾਸੇ ਅਟਕੇ-

ਸੱਧਰਾਂ ਗਈਆਂ ਪਥਰਾਈਆਂ

ਵੇ ਲੋਕਾ!

ਇਹ ਕਿਹੀਆਂ ਰੁੱਤਾਂ ਆਈਆਂ!

ਦਿਸ਼ਾ ਹੀਣੇ ਅਰ ਤਰਕ- ਵਿਹੂਣੇ

ਇਹ ਲੋਕੀ ਨੇ ਅੱਧੇ ਪੌਣੇ

ਖ਼ੁਸ਼ੀ ਖੇੜੇ ਦੇ ਨੇ ਇਹ ਦੁਸ਼ਮਣ

ਜਿਨ੍ਹਾਂ ਇਹ ਲੀਕਾਂ ਵਾਹੀਆਂ

ਵੇ ਲੋਕਾ!

ਇਹ ਕਿਹੀਆਂ ਰੁੱਤਾਂ ਆਈਆਂ!

*

**ਧਰਤੀ ਦਾ ਗੀਤ**

ਸੁਣਿਉਂ ਵੇ ਸੁਣਿਉਂ
ਮੇਰੇ ਜ਼ਖ਼ਮਾਂ ਦੀ ਬਾਤ ਵੇ
ਧਰਤੀ ਨਿਮਾਣੀ ਪਈ
ਕਰੇ ਵਿਰਲਾਪ ਵੇ।

ਰਲ ਗਈ ਹੈ ਜ਼ਹਿਰ ਜਿਵੇਂ
ਅੰਦਰ ਹਵਾਵਾਂ ਦੇ
ਦੱਬ ਰਹੇ ਨੇ ਗਲੇ ਖ਼ੁਦ
ਭਰਾ ਹੀ ਭਰਾਵਾਂ ਦੇ
ਚੰਦਰੀ ਵਜ੍ਹਾ ਕੋਲੋਂ ਮਿਲੂ
ਕਦ ਨਿਜ਼ਾਤ ਵੇ
ਸੁਣਿਉਂ ਵੇ...

ਸੂਰਜ ਦੀ ਵੱਖੀ ਵਿਚ
ਮਾਰੀ ਕਿਸ ਮੇਖ ਹੈ
ਚੰਦ ਅਤੇ ਚਾਂਦਨੀ ਵੀ
ਦਿੰਦੀ ਪਈ ਸੇਕ ਹੈ
ਦੁੱਖਾਂ ਵਿਚ ਲਬਰੇਜ਼
ਮੁੱਕਦੀ ਨਾ ਰਾਤ ਵੇ
ਸੁਣਿਉਂ ਵੇ...

ਅੱਜ ਮੇਰੇ ਪਾਣੀ
ਰੰਗੇ ਗਏ ਨੇ ਲਹੂ ਰੰਗ ਦੇ
ਖ਼ੌਫ਼ਜ਼ਦਾ ਰਾਹੀ ਵੀ ਨੇ
ਪੱਤਣਾਂ ਤੋਂ ਲੰਘਦੇ
ਮੋੜ ਦੇਵੋ ਭਲੇ ਦਿਨ

ਮੰਗਾਂ ਮੈਂ ਖ਼ੈਰਾਤ ਵੇ
ਸੁਣਿਉਂ ਵੇ ਸੁਣਿਉਂ ਮੇਰੇ
ਜ਼ਖ਼ਮਾਂ ਦੀ ਬਾਤ ਵੇ
ਧਰਤੀ ਨਿਮਾਣੀ ਪਈ
ਕਰੇ ਵਿਰਲਾਪ ਵੇ।

*

**ਗ਼ਜ਼ਲ ਮਹਿਫ਼ਲ**

ਇਕ

ਬੀਤ ਚੁੱਕੇ ਨੂੰ ਜ਼ਿਹਨ 'ਚ ਲੈ ਕੇ, ਜਦ ਵੀ ਕਲਮ ਉਠਾਈ।
ਆਉਣ ਵਾਲੇ ਕੱਲ੍ਹ ਡਰਾਇਆ, ਮੈਨੂੰ ਪਾ ਕੇ ਹਾਲ ਦੁਹਾਈ।

ਮਾਂ ਦੇ ਚਿਹਰੇ ਦੀਆਂ ਝੁਰੜੀਆਂ, ਹੋਰ ਵੀ ਡੂੰਘੀਆਂ ਹੋਈਆਂ,
ਰੋਜ਼ ਵਾਂਗ ਜਦ ਸ਼ਹਿਰੋਂ ਮੁੜਿਆ ਡਿਗਰੀ ਨੂੰ ਲਟਕਾਈ।

ਭਰੀ ਅਦਾਲਤ ਦੇ ਵਿਚ ਸਾਨੂੰ, ਫਿਰ ਇਨਸਾਫ਼ ਨਾ ਮਿਲਿਆ,
ਛਲਣੀ ਤਨ 'ਤੇ ਰਿਸਦੀਆਂ ਲਾਸਾਂ, ਦਿੱਤੀ ਖ਼ੂਬ ਗਵਾਹੀ।

ਦਿਨ ਹਨ ਜਿੱਥੇ ਰਾਤਾਂ ਵਰਗੇ, ਰਾਤ ਦਾ ਰੰਗ ਕੀ ਹੋਊ?
ਫਿਰ ਵੀ ਆਸ 'ਨਾ ਤੁਰਦੇ ਜਾਈਏ ਮਾਨਣ ਲਈ ਰੁਸ਼ਨਾਈ।

ਸਫ਼ਰ ਦੇ ਚੱਪੇ ਚੱਪੇ ਉੱਤੇ, ਛਾਪ ਉਨ੍ਹਾਂ ਦੀ ਰਹਿ ਗਈ,
ਜਿਨ੍ਹਾਂ ਨੇ ਹੈ ਤਪਦੇ 'ਸਹਿਰਾ' ਤੱਤੀ ਤਪਸ਼ ਹੰਢਾਈ।

*

## ਦੋ

ਸੋਚਦੇ ਸੀ ਇਕ ਦਿਨ ਤਾਂ, ਘੱਟ ਹੀ ਜਾਊ ਫਾਸਲਾ।
ਆਸ ਦੇ ਪਰ ਉਲਟ ਇਹ ਤਾਂ ਹੋਰ ਵੀ ਵਧਦਾ ਗਿਆ।

ਖ਼ੂਨ ਦੀ ਇਕ ਬੂੰਦ ਡੁੱਲ੍ਹੀ ਵੇਖ ਸੀ ਜੋ ਤੜਪਦਾ,
ਖ਼ੂਨ ਦੇ ਵਿਚ ਹੱਥ ਰੰਗੀ ਫਿਰ ਰਿਹਾ ਉਹ ਕਾਫ਼ਲਾ।

ਤ੍ਰਿਸ਼ੂਲ ਤੇ ਕਿਰਪਾਨ ਚਲਦੀ ਬੱਸ ਸ਼ਕਲ ਨੂੰ ਦੇਖ ਕੇ,
ਦੁਸ਼ਮਣਾਂ ਦੀ ਚੋਣ ਦਾ, ਇਹ ਢੰਗ ਹੈ ਪਾਗਲ ਜਿਹਾ।

ਜੋ ਵੀ ਕੋਈ ਗੱਲ ਕਰਦਾ, ਤਰਕ ਦੀ ਤਰਕੀਬ ਦੀ,
ਹੋਂਦ ਉਸ ਦੀ ਹੀ ਮਿਟਾਵਣ ਦਾ ਕਰਨ ਉਹ ਫ਼ੈਸਲਾ।

ਘਾਹ ਦੀਆਂ ਪੱਤੀਆਂ ਤੇ ਅਟਕੀ ਸੋਚ ਦੀ ਸ਼ਬਨਮ ਵੀ ਹੈ,
ਸੂਰਜੇ ਦੀ ਅੱਗ ਨਾਲ, ਇਹ ਕੌਣ ਮੱਥਾ ਲਾ ਰਿਹਾ।

*

**ਤਿੰਨ**

ਪੈਰ ਜਦ ਵੀ ਧਰਾਂਗਾ, ਮੈਂ ਤੇਰੀ ਸਰਦਲ 'ਤੇ।
ਅਜਬ ਹੀ ਹਲਚਲ ਮਚੇਗੀ, ਤਦ ਮੇਰੇ ਦਿਲ 'ਤੇ।

ਮੈਂ ਮੰਨਦਾ ਤੂੰ ਮੇਰਾ ਏਂ ਤੇ ਮੇਰਾ ਰਹਿਣਾ ਏਂ,
ਪਰ ਇਹ ਹਾਕਮ ਨੇ, ਬੜੀ ਮਾੜੀ ਨਸਲ ਦੇ।

ਘੁਲਦਾ ਮਧੁਰ ਸੰਗੀਤ ਹੈ ਤੇਰੀ ਵਿਚ ਫ਼ਿਜ਼ਾ ਦੇ,
ਹਿੱਲਣ ਪੌਣ ਪੁਰੇ ਦੀ ਨਾਲ, ਜਦ ਪੱਤੇ ਪਿੱਪਲ ਦੇ।

ਧਰਤੀ ਦੇ ਇਕ ਪਾਸੇ ਮੈਂ, ਤੂੰ ਹੈਂ ਉਸ ਪਾਸੇ,
ਜ਼ਿਹਨ 'ਚ ਤਰਦਾ ਰਹਿੰਦਾ ਏ, ਸੂਰਜ ਚੜ੍ਹਦੇ-ਢਲਦੇ।

ਇਹ ਜੋ ਛਿੱਟੇ ਖ਼ੂਨ ਸੁਰਖ਼ ਦੇ ਕੰਧਾਂ ਉੱਤੇ,
ਬਣ ਗਏ ਅੱਜ ਗਵਾਹ ਨੇ ਸਾਡੇ ਇਹ ਕਤਲ ਦੇ।

*

## ਚਾਰ

ਰੋਸ਼ਨੀ ਹੈ ਰੰਗ ਵੀ ਹੈ, ਰਾਤ ਕਿ ਬੁਝੀ ਬੁਝੀ।
ਸੀਨੇ 'ਚ ਬੁਝਿਆ ਲੈ ਕੇ ਦਿਲ, ਨੱਚਦੀ ਪਈ ਹੈ ਨਰਤਕੀ।

ਸ਼ੋਰ ਹੈ, ਦਾਰੂ ਵੀ ਹੈ, ਸਾਕੀ ਵੀ ਪੂਰਾ ਬੇਨਕਾਬ,
ਔਹ ਪਰੇ, ਬੇਘਰੇ ਦੀ ਹੈ, ਅਣਢਕੀ ਜਿੰਦ ਰੁਲ਼ ਰਹੀ।

ਤਲਖ਼ੀਆਂ ਦੀ ਫ਼ ਸਲ ਹੈ, ਮੋਹ ਬੜਾ, ਸ਼ਿਕਵੇ ਬਹੁਤ,
ਰੋਵੇ ਕਿਤੇ, ਹੱਸੇ ਕਿਤੇ, ਕੋਹੀ ਹੈ ਇਥੇ ਜ਼ਿੰਦਗੀ।

ਪਹਿਲਾਂ ਜਲਾ ਕੇ ਆਲ੍ਹਣਾ, ਮਗਰੋਂ ਕਹੇਂ ਕੀ ਹਾਲ ਹੈ,
ਬਲਦੀਆਂ ਲਾਟਾਂ ਜਿਹੀ, ਕਾਤਲ ਹੈ ਤੇਰੀ ਸਾਦਗੀ।

ਸਰਦਲ 'ਤੇ ਡੁੱਲ੍ਹਾ ਖ਼ੂਨ ਤਾਂ ਹੈ ਕਤਲ, ਇਹ ਸਭ ਨੇ ਕਿਹਾ,
ਉਸ ਤੜਫ ਨੂੰ ਨਾਂ ਦਿਉ, ਸੀਨੇ 'ਚ ਜੋ ਹੈ ਮਰ ਗਈ।

*

**ਪੰਜ**

ਰਾਤ, ਰਾਤ ਹੀ ਨਹੀਂ ਜੇ ਚਿੱਟਾ ਚਮਕਦਾ ਦਿਨ ਨਹੀਂ।
ਕਤਲ ਹੋ ਜਾਵੇ ਕਲਮ, ਇਹ ਵੀ ਕਦੇ ਮੁਮਕਿਨ ਨਹੀਂ।

ਤੇਰਾ ਫਤਵਾ ਕਿ ਅਸੀਂ ਮੁਜਰਿਮ ਰਹੇ, ਕੀ ਕੀ ਰਹੇ,
ਹੱਕ ਲਈ ਜੂਝੇ, ਐ ਕਾਤਿਲ! ਪਰ ਅਸੀਂ ਕਾਤਿਲ ਨਹੀਂ।

ਸਿਜਦੇ ਵੀ ਰਹਿ ਰਹਿ ਕੇ ਕਰਦੇ ਹਾਂ ਸਲੀਬਾਂ ਸਾਹਮਣੇ,
ਯਾਦ ਰੱਖ ਕਾਅਬਾ ਇਹ ਸਾਡਾ ਅਸਾਂ ਦਾ ਮਕਤਲ ਨਹੀਂ।

ਨਾਲ ਜੋ ਤੁਰਦੇ ਨੇ ਸਾਡੇ, ਉਹ ਹੀ ਸਾਡੇ ਆਪਣੇ,
ਰੁਕ ਗਏ ਜੋ ਕਦਮ, ਸਾਡੇ ਵਿਚ ਉਹ ਸ਼ਾਮਿਲ ਨਹੀਂ।

ਐਵੇਂ ਨਾ ਲਲਕਾਰ ਸਾਡੀ ਹੋਂਦ ਨੂੰ ਇਹ ਮਿਟਣੀ ਨਹੀਂ,
ਕਿ ਯਾਦ ਰੱਖ ਤੂੰ ਹਮੇਸ਼ਾਂ ਕੋਈ ਵੀ ਰੁਸਤਮ ਨਹੀਂ।

*

**ਛੇ**

ਕਦ ਬੋਲੇ ਤੂੰ ਬੋਲ, ਕਿ ਇੰਜ ਨਾ ਕਰਿਆ ਕਰ।

ਦਿਨ ਨੂੰ ਦਿਨ ਹੀ ਆਖ, ਨ ਮੂਲੋਂ ਡਰਿਆ ਕਰ।

ਹਾਕਮ-ਲੋਕ ਇਹ ਅਜ਼ਲੋਂ ਕਾਤਿਲ ਕਿਰਨਾਂ ਦੇ,

ਸੂਰਜ ਬਣ ਕੇ ਉੱਗ ਤੇ ਹੋਰ ਬਿੱਖਰਿਆ ਕਰ।

ਦੇਖ ਜ਼ਮਾਨਾ ਭਰਿਆ ਖੱਡਾਂ ਨਾਲ ਪਿਆ,

ਪੈਰ ਪੈਰ 'ਤੇ ਬੋਚ ਬੋਚ ਪੱਬ ਧਰਿਆ ਕਰ।

ਮੇਰੀਆਂ ਅੱਖਾਂ ਦੇ ਵਿਚ ਵਗਦਾ ਹੈ ਦਰਿਆ,

ਇਸ ਦੀ ਹਿੱਕ 'ਤੇ ਜੀਅ ਭਰ ਕੇ ਤੂੰ ਤਰਿਆ ਕਰ।

ਸ਼ੀਸ਼ਾ ਬਣ ਕੇ ਤੇਰੇ ਲਈ ਮੈਂ ਜਦ ਬੈਠਾਂ,

ਆ ਸੱਜ ਸੌਹੇਂ, ਸੱਜ ਕੇ ਹੋਰ ਸੰਵਰਿਆ ਕਰ।

ਜਿਹੜਾ ਕਰਦਾ-ਫਿਰਦਾ ਖੇਤੀ ਜ਼ਖ਼ਮਾਂ ਦੀ,

ਉਸ ਦਾ ਨਾਮ ਮਸੀਹਾ, ਮੂਲ ਨਾ ਧਰਿਆ ਕਰ।

*

## ਸੱਤ

ਪੈਰ, ਪਾਣੀ, ਰੁੱਖ, ਸਿਰ 'ਤੇ ਦੂਰ ਬੱਤੀਆਂ ਜਗਦੀਆਂ।
ਸ਼ਹਿਰ ਤੇਰੇ ਇੰਜ ਸ਼ਾਮਾਂ ਦਗਦੀਆਂ ਤੇ ਸਜਦੀਆਂ।

ਤਾਰੇ ਜੀਕਣ ਅੰਬਰੋਂ ਨੇ ਧਰਤ ਉੱਪਰ ਆ ਗਏ,
ਪਾਣੀਆਂ ਦੀ ਸਤਹ 'ਤੇ ਲਹਿਰਾਂ 'ਚ ਲੋਆਂ ਤਰਦੀਆਂ।

ਇਸ ਕਿਨਾਰੇ, 'ਇਕੱਲ ਵਿਚ, ਯਾਰਾਂ 'ਚ ਛਿੜੀਆਂ ਜਿਹੜੀਆਂ,
ਉਹ ਕਥਾਵਾਂ ਦਿਲਾਂ ਵਿਚ ਅੰਗਿਆਰ ਬਣ ਕੇ ਦਗ਼ਦੀਆਂ।

ਲੱਭਦੇ ਰਹਿੰਦੇ ਰਵਾਨੀ, ਸਾਗਰਾਂ, ਨਦੀਆਂ 'ਤੇ ਜਾ
ਦਿਲਾਂ ਅੰਦਰ ਦੋਸਤੀ ਦੀਆਂ, ਹੈ ਸੀ ਨਦੀਆਂ ਵਗਦੀਆਂ।

*

**ਅੱਠ**

ਖੇਡਦੇ ਸੀ ਬੋਲੀਆਂ ਸੰਗ, ਜਿਸ ਮਿੱਟੀ ਦੇ ਘਰ ਬਣਾ।
ਲਹੂ ਦੇ ਵਿਚ ਲਿੱਬੜਿਆ ਹੈ, ਉਸ ਮਿੱਟੀ ਦਾ ਹਰ ਜ਼ੱਰਾ ।

ਇਕ ਜਨੂੰਨੀ ਧਰਮ ਦਾ, ਦੂਜਾ ਨਸ਼ੱਈ ਰਾਜ ਦਾ,
ਦੋ ਪੁੜਾਂ ਵਿਚਕਾਰ ਪਿੱਸਦੀ ਜਾ ਰਹੀ ਹੈ ਲੋਕਤਾ।

ਅੰਬਰ ਟਾਕੀ ਲਾਉਣ ਦੀ ਗੱਲ ਸੋਚ ਲਈਂ ਤੂੰ ਫਿਰ ਕਦੀ,
ਪੈਰ ਪਹਿਲਾਂ ਆਪਣੇ ਇਸ ਧਰਤ ਉਪਰ ਤਾਂ ਟਿਕਾਅ।

ਭੱਜਿਆ ਫਿਰਦਾ ਹੈਂ, ਐਵੇਂ ਹੱਥ ਫੜ ਕੇ ਅਗਨ ਨੂੰ,
ਸਾਗਰਾਂ ਕਦ ਆਖਿਆ ਹੈ, ਆ ਕੇ ਮੈਨੂੰ ਰਾਹ ਦਿਖਾ?

ਕੌਣ ਜੋ ਮਨੁੱਖਤਾ ਨੂੰ, ਅੰਗਹੀਣੀ ਕਰ ਰਿਹਾ,
ਚੰਨ ਕਦੇ ਸੂਰਜ ਕਦੇ, ਮੈਂ ਤਾਰਿਆਂ ਨੂੰ ਪੁੱਛਿਆ?

*

## ਨੈਂ

ਗਾਹੀ ਸੂਰਜੇ ਦੀ ਧੁੱਪ, ਚੰਨ ਤਾਰਿਆਂ ਦੀ ਛਾਂ।
ਫਿਰੇ ਦੇਸ ਪ੍ਰਦੇਸ, ਘੁੰਮੇ ਸ਼ਹਿਰ ਤੇ ਗਿਰਾਂ।

ਭੁੱਲ ਜਾਣ ਦੇ ਬਥੇਰੇ ਅਸਾਂ ਯਤਨ ਹਨ ਕੀਤੇ,
ਪਰ ਵਾਰ ਵਾਰ ਆਵੇ ਲਬਾਂ ਉਤੇ ਤੇਰਾ ਨਾਂ।

ਵੱਸ, ਨੇਰ੍ਹਿਆਂ ਦੇ ਪੈ ਗਈ ਸਾਡੀ ਸੱਜਰੀ ਸਵੇਰ,
ਆ ਮਨੁੱਖੀ ਲਾਸ਼ਾਂ ਉਤੇ ਟੱਪਦੇ ਨੇ ਗਿੱਧਾਂ ਅਤੇ ਕਾਂ।

ਇਕ ਹਾਦਸਾ ਜੇ ਹੁੰਦਾ ਤਾਂ ਸਬਰ ਕਰ ਲੈਂਦੇ,
ਨਿਤ ਹਾਦਸੇ ਨੇ ਹੁੰਦੇ ਅੱਜ ਥਾਂ-ਪੁਰ-ਥਾਂ।

ਗੱਲ ਪਾਣੀਆਂ ਦੀ ਸੀ ਫਿਰ ਖ਼ੂਨ ਦੀ ਕਿਵੇਂ ਬਣੀ,
ਕੋਈ ਸਾਜ਼ਸ਼ੀ ਜ਼ਰੂਰ ਪਿਆ ਕਰੇ ਸਾਜ਼ਿਸ਼ਾਂ।

*

**ਦਸ**

ਇਹ ਕੇਹਾ ਮੌਸਮ ਹੈ, ਇਹ ਕੇਹੀ ਹਵਾ ਹੈ।

ਜੋ ਜਿਸਮਾਂ ਨੂੰ ਸਾੜੇ, ਇਹ ਚੰਦਰੀ ਵਬਾ ਹੈ।

ਜਿਸ ਰੁੱਖ ਵੱਲ ਸਾਂ ਦੌੜੇ ਮਾਨਣ ਲਈ ਛਾਵਾਂ,

ਬਿਨ ਪੱਤਿਆਂ ਤੇ ਟਾਹਣਾਂ ਦੇ ਰੁੱਖ ਉਹ ਖੜ੍ਹਾ ਹੈ।

ਆਓ ਪੁੱਛੀਏ ਜਾ ਕੇ ਲੁਕਮਾਨ ਕੋਲੋਂ ,

ਜੋ ਦਰਦ ਵਧਾਵੇ ਉਹ ਕੈਸੀ ਦਵਾ ਹੈ।

ਕਿਵੇਂ ਮੰਨ ਲਈਏ ਕਿ ਸਭ ਹੱਛਾ ਹੈ ਏਥੇ,

ਜਲ ਰਹੀਆਂ ਨੇ ਲਾਸ਼ਾਂ ਤੇ ਢੱਠਾ ਘਰ ਗਵਾਹ ਹੈ।

ਇਹ ਨਾਨਕ, ਕਬੀਰ ਤੇ ਫ਼ਰੀਦ ਦੀ ਜੋ ਧਰਤੀ,

ਪੈਰ ਇਸ 'ਤੇ ਧਰਿਆਂ ਕਿਉਂ ਨਿਕਲੇ ਤਰਾਹ ਹੈ?

*

**ਗਿਆਰਾਂ**

ਕੋਈ ਐਸਾ ਤਾਵੀਜ਼ ਬਣਾ ਦੇ ਕਦੇ।
ਪੀੜ ਘਟਣ ਦੀ ਥਾਂ ਜਿਦ੍ਹੇ ਨਾਲ ਵਧੇ।

ਚਸਕ ਆਪਣੀ ਨੂੰ ਸਿਜਦਾ ਨਿੱਤ ਕਰੀਏ,
ਚੇਤਾ ਇਸਦਾ ਹੀ ਭੁੱਲ ਨਾ ਜਾਵੇ ਕਿਤੇ।

ਹੰਝੂ ਸਮਝ ਐਵੇਂ ਨਾ ਪੂੰਝ ਦਈਏ,
ਜਦ ਵੀ ਨੈਣਾਂ 'ਚੋਂ ਦੁੱਖ ਦਾ ਦਰਿਆ ਵਗੇ।

ਮੇਰੇ ਜ਼ਖ਼ਮਾਂ ਦੀ ਅਰਥੀ ਜਦ ਨਿਕਲੇ,
ਇਸ ਨੂੰ ਹਰ ਕੋਈ ਦਰਦੀ ਮੋਢਾ ਦਵੇ।

ਰਹੀਏ ਸੜਦੇ ਵਿਚ 'ਸਹਿਰਾ' ਦੇ ਅਸੀਂ,
ਵਿਚ ਮੂੰਹ ਦੇ ਨਾ ਕੋਈ ਬੂੰਦ ਪਵੇ।

*

**ਬਾਰਾਂ**

ਤੂੰ ਕਿਹਾ ਸੀ ਸੁਣਾਵਾਂਗਾ ਮੈਂ ਸਾਰੀ ਰਾਤ।
ਰੁਕ ਫਿਰ ਕਿਉਂ ਗਿਆ ਕਹਿੰਦਾ ਕਹਿੰਦਾ ਇਹ ਬਾਤ।

ਪੀੜ ਹਿਜਰਾਂ ਦੀ ਲੋਕ ਸਹਿ ਹੀ ਲੈਂਦੇ ਨੇ,
ਪੀੜ ਧਰਤੀ ਦੀ ਨਹੀਂਉਂ ਹੁੰਦੀ ਸਹਾਰ।

ਉਸ ਸਫ਼ਰ ਦੀ ਕਿਸਮਤ ਹੀ ਖੋਟੀ ਕਹੋ,
ਜਿਸ ਦੀ ਮੰਜ਼ਿਲ ਨੂੰ ਖਾ ਗਈ ਤੂਫ਼ਾਨੀ ਰਾਤ।

ਸਾਡੇ ਜ਼ਖ਼ਮਾਂ ਨੂੰ ਛਿੱਲਦਾ ਜਾਹ ਬੇਕਿਰਕੀ ਨਾਲ,
ਅਸੀਂ ਸਮਝਾਂਗੇ ਇਸ ਨੂੰ ਵੀ ਢੇਰ ਸੌਗਾਤ ।

ਤਾਰਾ ਟੁੱਟਦਾ ਹੈ ਜਦ ਕੋਈ ਅੰਬਰਾਂ ਦੇ ਵਿਚ,
ਹੌਕੇ ਭਰ ਭਰ ਕੇ ਰੋਵੇ ਵਿਚਾਰੀ ਰਾਤ।

ਅਸੀਂ 'ਸਹਿਰਾ' ਦੇ ਵਾਸੀ ਹਾਂ ਕਿੰਜ ਦੱਸੀਏ,
ਕਿੰਨੇ ਰੰਗ ਹੁੰਦੇ ਨੇ ਜਦ ਪਏ ਬਰਸਾਤ।

*

**ਤੇਰਾਂ**

ਸ਼ਹਿਰਾਂ ਦੇ ਮੱਥਿਆਂ 'ਤੇ ਤਿਊੜੀ, ਪਿੰਡ ਫਿਰਨ ਲੈ ਭੱਜੀਆਂ ਬਾਹਵਾਂ।
ਸੜਕਾਂ ਤੇ ਪਗਡੰਡੀਆਂ ਰੋਵਣ, ਦੇਖ ਦੇਖ ਕੇ ਉੱਜੜੀਆਂ ਥਾਵਾਂ।

ਖੇਡਦੇ ਸਨ ਜੋ ਕੌਡ-ਕਬੱਡੀ ਢਲ ਗਈਆਂ ਤਿਰਕਾਲਾਂ ਨੂੰ,
ਹੱਥ ਵਿਚ ਰਫ਼ਲਾਂ ਚੁੱਕੀ ਫਿਰਦੇ ਮਾਰਨ ਦੇ ਲਈ ਸਕੇ ਭਰਾਵਾਂ।

ਵਗਦੀ ਲੂ ਵਿਚ ਜੁੜਦੀਆਂ ਸਨ ਜੋ ਮਹਿਫ਼ਲਾਂ ਜਦ ਤੋਂ ਮੁੱਕੀਆਂ ਨੇ,
ਰੁੱਸੀਆਂ ਰੁੱਸੀਆਂ ਜਾਪਣ ਤਦ ਤੋਂ ਉਨ੍ਹਾਂ ਪਿੱਪਲਾਂ ਦੀਆਂ ਠੰਢੀਆਂ ਛਾਵਾਂ।

ਮੇਲੇ ਤੇ ਤਿਉਹਾਰ ਆਵਣਗੇ ਤਾਂ ਹਰ ਮਾਂ ਸਾਥੋਂ ਪੁੱਛੇਗੀ,
ਟੁੱਟੀਆਂ ਹੋਈਆਂ ਚੁਗਾਠਾਂ ਉਪਰ ਦੱਸੋ ਵੇ ਦੀਵੇ ਕਿੰਝ ਜਗਾਵਾਂ?

ਹਾਸਿਆਂ ਦੇ ਵਿਚ ਸੂਲਾਂ ਚੁੱਭੀਆਂ ਰੂਹਾਂ ਜ਼ਖ਼ਮੀ ਹੋਈਆਂ ਨੇ,
ਭਗਦੜ ਦੇ ਵਿਚ ਭੁੱਲਦੇ ਜਾ ਰਹੇ ਲੋਕੀ ਆਪਣਾ ਹੀ ਸਿਰਨਾਵਾਂ।

ਜਿਸ ਦਿਨ ਹਾਕਮਾਂ ਚਾਲ ਸੀ ਚੱਲੀ ਇਕ ਦਹਾਕਾ ਬੀਤ ਗਿਆ,
ਇਕ ਇਕ ਪਲ ਵਿਚ ਕਿੰਨੇ ਮਰਦੇ ਉਸ ਦਿਨ ਤੋਂ ਮੈਂ ਕਿੰਜ ਗਿਣਾਵਾਂ।

ਜਿਸ ਧਰਤੀ ਤੇ ਫੁੱਲ ਵਰਗੇ ਰਿਸ਼ਤੇ ਉੱਗਿਆ ਕਰਦੇ ਸਨ,
ਨਫ਼ਰਤ ਦੇ ਸਰਕੰਡੇ, ਥੋਹਰਾਂ ਤੇ ਕਬਰਾਂ ਨੇ ਮੱਲੀਆਂ ਥਾਵਾਂ।

*

**ਚੌਦਾਂ**

ਅਸਾਡੇ ਰਾਹਵਾਂ 'ਚ ਬਰੂਦ ਜੋ ਵਿਛਾ ਰਹੇ ਅੱਜ ਕੱਲ੍ਹ।
ਖ਼ੁਦ ਵੀ ਏਸ ਵਿਚ ਸੜਦੇ ਉਹ ਜਾ ਰਹੇ ਅੱਜ ਕੱਲ੍ਹ।

ਖ਼ੰਜਰ ਹੱਕ ਲਈ ਚੁੱਕਿਆ ਅਸੀਂ ਤਾਂ ਕੂਕ ਸਾਂ ਉੱਠੇ,
ਮਾਸੂਮਾਂ ਦੇ ਲਹੂ ਵਿਚ ਨੇ ਉਹ ਨਹਾ ਰਹੇ ਅੱਜ ਕੱਲ੍ਹ।

ਕਿਰਨ ਸੂਰਜ ਦੀ ਚਮਕਣ ’ਤੇ ਬੁਖਲਾ ਉੱਠਦੇ ਹਨ,
ਤਾਹੀਉਂ ਨੇਰ੍ਹਿਆਂ ਸੰਗ ਦੋਸਤੀ ਉਹ ਪਾ ਰਹੇ ਅੱਜ ਕੱਲ੍ਹ।

ਢਹੇ ਹੋਏ ਬਨੇਰੇ, ਖੇਤ, ਫ਼ਸਲਾਂ ਤੇ ਘਰ ਦੱਸਦੇ ਨੇ, ਕਿਤੇ ਸੋਕਾ,
ਕਿਤੇ ਮਾਰੂ ਘਟਾ ਬਣ ਛਾ ਰਹੇ ਅੱਜ ਕੱਲ੍ਹ।

ਕਿਵੇਂ ਆਖੋਗੇ ਹਮਸਾਇਆਂ ਨੂੰ ਫਿਰ ਮਾਂ-ਪਿਉ ਜਾਏ?
ਘਰੋਂ ਬੇਘਰ ਹੋ ਕੇ ਨੇ ਜੋ ਉਹ ਜੀ ਰਹੇ ਅੱਜ ਕੱਲ੍ਹ।

ਫੁੱਲਾਂ ਦੇ ਬਾਗ ਨੂੰ ਮਿੱਧ ਕੇ ਤੇ ਮਾਲੀ ਦਾ ਗਲਾ ਘੁੱਟ ਕੇ,
'ਅਸੀਂ ਹਾਂ ਸੁਹਜ ਦੇ ਰਾਖੇ' ਨੇ ਉਹ ਸਮਝਾ ਰਹੇ ਅੱਜ ਕੱਲ੍ਹ।

*